PANJ. F. 1446 | PUNJAB 3rd Oct 1934

ਸਭ ਹੱਕ ਪ੍ਰਕਾਸ਼ਕ ਦੇ ਅਧੀਨ ਹਨ।

ਸਿਖ ਨੈਸ਼ਨਲ ਏਜੰਸੀ ਵਲੋਂ ਪ੍ਰਕਾਸ਼ਤ ਪੁਸਤਕ ਨੰ: ੨੦੦

# ਸ੍ਰੀ ਦਸਮੇਸ਼ ਚਮਤਕਾਰ

## ਸਭ ਤੋਂ ਵਡੀ ਜਨਮ ਸਾਖੀ

(ਤਵਾਰੀਖ)

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਇਤਿਹਾਸ ਗੁਰੂ ਖਾਲਸਾ ਭਾਗ ਤੀਜਾ

*ਜਿਸ ਵਿਚ*

ਸ੍ਰੀ ਦਸਮੇਸ਼ ਸਤਿਗੁਰੂ ਜੀ ਪੰਥ ਦੇ ਵਾਲੀ ਜੀ ਦੇ ਅਵਤਾਰ ਧਾਰਨ, ਬਾਲਲੀਲ੍ਹਾ ਨੌਵੇਂ ਸਤਿਗੁਰਾਂ ਦੀ ਕੁਰਬਾਨੀ, ਖਾਲਸਾ ਪੰਥ ਦੀ ਨੀਂਹ, ਦੇਵੀ ਪ੍ਰਗਟ ਕਰਨੀ, ਪਹਾੜੀ ਰਾਜਿਆਂ ਨਾਲ ਯੁਧ, ਅਨੰਦਪੁਰ ਸਾਹਿਬ, ਚਮਕੌਰ ਸਾਹਿਬ, ਮੁਕਤਸਰ ਸਾਹਿਬ ਦੇ ਯੁਧ, ਬਹਾਦਰਸ਼ਾਹ ਬਾਦਸ਼ਾਹ ਨੂੰ ਤਖਤ ਦਿਵਾਉਣਾ, ਮਾਧੋ ਦਾਸ ਬੈਰਾਗੀ ਨੂੰ ਬੰਦਾ ਬਹਾਦਰ ਸਜਾਉਣਾ, ਦੱਖਣ ਯਾਤ੍ਰਾ ਤੇ ਸ੍ਰੀ ਨਦੇੜ ਵਿਖੇ ਸੱਚਖੰਡ ਨੂੰ ਸਨਚੌਹੀ ਜਾਣਾ ਆਦਿਕ ਸੰਪੂਰਨ ਕਥਾ ਭਾਈ ਸੰਤੋਖਸਿੰਘ ਜੀ ਵਾਲੇ ਸੂਰਜ ਪ੍ਰਕਾਸ਼ ਵਿਚੋਂ ਵਾਰਤਕ ਕਰੀ ਕਰਾਈ ਅਧਿਨ

*ਕ੍ਰਿਤ*

## ਭਾਈ ਗਿਆਨ ਸਿੰਘ ਜੀ ਤੇ ਗਿਆਨੀ ਪ੍ਰਤਾਪ ਸਿੰਘ ਜੀ

ਐਡੀਟਰ ਰੁਸਾਲਾ ਮਸਤਾਨਾ ਅੰਮ੍ਰਿਤਸਰ। ਟੀਕਾਕਾਰ ਬਾਣੀ ਭਗਤਾਂ, ਸ੍ਰੀ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਆਸਾ ਦੀ ਵਾਰ, ਭੱਟਾਂ ਦੇ ਸਵੱਯੇ ਆਦਿਕ

*ਪ੍ਰਕਾਸ਼ਕ*

## ਭਾਈ ਬੂਟਾ ਸਿੰਘ ਪ੍ਰਤਾਪ ਸਿੰਘ

ਪੁਸਤਕਾਂ ਛਾਪਣ ਵਾਲੇ

## ਮਾਲਕ ਸਿਖ ਨੈਸ਼ਨਲ ਏਜੰਸੀ, ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

---

ਵਜ਼ੀਰ ਹਿੰਦ ਪ੍ਰੈਸ ... ਅੰਮ੍ਰਿਤਸਰ ਵਿਚ ... ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਪੀ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

PANJ. F 1446

੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

INDIA OFFICE
27 FEB 1935
LIBRARY

# ਤਤਕਰਾ ਜਨਮ ਸਾਖੀ ਪਾ: ੧੦

ਗਿਣਤੀ ਪ੍ਰਸੰਗ ਸਫਾ


੧ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਭਾਈ ਹਰੀਦਾਸ ਹਲਵਾਈ ਨੂੰ ਨਿਹਾਲ ਕਰਨਾ । ੧
੨ ਮਾਈ ਭਾਗ ਬਾਈ ਦੀ ਵਾਰਤਾ ੩
੩ ਗੁਰੂ ਜੀ ਦੀ ਮਾਤਾ ਨੂੰ ਧੀਰਜ ਦੇਕੇ ਅਗੇ ਨੂੰ ਤਿਆਰੀ ੫
੪ ਰਾਜਾ ਬਿਸ਼ਨ ਸਿੰਘ ਨੇ ਆਣਕੇ ਦਰਸ਼ਨ ਕਰਨੇ ੬
੫ ਢਾਕੇ ਬੰਗਾਲੇ ਦੀ ਸੰਗਤ ਦਾ ਉਧਾਰ ੭
੬ ਮਾਈ ਪਾਸੋਂ ਗੁਰੂ ਜੀ ਨੇ ਜਾਕੇ ਜਾਮਾ ਲਿਆਉਣਾ ੧੦
੭ ਗੁਰੂ ਜੀ ਦੇ ਦੀਵਾਨ ਵਿਚ ਕਾਵਰੂ ਦੇਸ ਦੇ ਰਾਜੇ ਨੇ ਆਉਣਾ ੧੨
੮ ਦੋਨਾਂ ਰਾਜਿਆਂ ਦਾ ਮਿਲਾਪ ੧੪
੯ ਗੁਰੂ ਜੀ ਦੇ ਪਾਸ ਸਾਹਿਬਜ਼ਾਦੇ ਦੇ ਜਨਮ ਦੀ ਖਬਰ ਪਹੁੰਚਨੀ ੧੫
੧੦ ਰਾਜਾ ਰਾਮ ਨੂੰ ਪੁਤਰ ਬਖਸ਼ਨਾ ੧੬
੧੧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ੧੮
੧੨ ਭੀਖਮ ਸ਼ਾਹ ਫਕੀਰ ਦਾ ਆਉਣਾ ੧੯
੧੩ ਬ੍ਰਿਧ ਮਾਈ ਨੂੰ ਗਿਆਨ ੨੨
੧੪ ਬਾਗ ਦੇ ਮਾਲੀ ਦਾ ਦੁਖ ਕਟਣਾ ਤੇ ਦਰਿਆ ਗੰਗਾ ਵਿਚ ਚਰਣ ੨੩
੧੫ ਨਵਾਬ ਦਾ ਆਦਰ ੨੫
੧੬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਟਨੇ ਆਉਣਾ ੨੬
੧੭ ਗੁਰੂ ਜੀ ਨੇ ਅਨੰਦ ਪੁਰ ਨੂੰ ਤਿਆਰ ਹੋਣਾ ੨੭
੧੮ ਗੁਰੂ ਜੀ ਨੇ ਸਾਹਿਬਜ਼ਾਦਾ ਜੀ ਨੂੰ ਸਦਣਾ ਕਸ਼ਮੀਰੀ ਪੰਡਤਾਂ ਦੀ ਪੁਕਾਰ ੨੮
੧੯ ਪੰਡਤਾਂ ਦਾ ਦਿਲੀ ਪਹੁੰਚਣਾ ਔਦੀਏ [illegible] ਦਾ ਅਨੰਦ ਪੁਰ ਆਉਣਾ ੩੧
[illegible]
੨੦ ਗੁਰੂ ਜੀ ਦਾ ਆਗਰੇ ਪਹੁੰਚਣਾ ੩੨
੨੧ ਗੁਰੂ ਜੀ ਨੂੰ ਦਿਲੀ ਸਦਕੇ ਨਜ਼ਰਬੰਦ ਕਰਨਾ ੩੮
੨੨ ਪ੍ਰੇਤ ਦਾ ਉਧਾਰ ਕਰਨਾ ੩੯
੨੩ ਪਟਣੇ ਵਿਖੇ ਬਾਲ ਲੀਲ੍ਹਾ ਤੇ ਪੌਂਟੇ ਦਾ ਸੁਟਨਾ ੪੧
੨੪ ਸਾਹਿਬਜ਼ਾਦਾ ਜੀ ਨੇ ਘੜੇ ਭੰਨਣੇ ੪੨
੨੫ ਸਾਹਿਬਜ਼ਾਦਾ ਜੀ ਦੀ ਬੇਪਰਵਾਹੀ ੪੩
੨੬ ਸਾਹਿਬਜ਼ਾਦਾ ਜੀ ਦੀ ਅਨੰਦ ਪੁਰ ਨੂੰ ਤਿਆਰੀ ੪੪
੨੭ ਸਾਹਿਬਜ਼ਾਦਾ ਜੀ ਨੇ ਰਾਮ ਚੰਦ ਰੂਪ ਹੋਕੇ ਦਰਸ਼ਨ ਦੇਣਾ ੪੬
੨੮ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸਖਤੀਆਂ ੪੭
੨੯ ਗੁਰੂ ਜੀ ਨੂੰ ਖਾਣਾ ਖੁਵਾਲਣਾ ੫੧
੩੦ ਗੁਰੂ ਜੀ ਨੇ ਅਲੋਪ ਹੋਕੇ ਦਿਰੋਗੇ ਨੂੰ ਮੁਰੀਦ ਕਰਨਾ ੫੨
੩੧ ਪਾਤਸ਼ਾਹ ਨੇ ਫਿਰ ਕਰਾਮਾਤ ਦੇਖਣ ਵਾਸਤੇ ਕਹਿਣਾ ੫੩
੩੨ ਗੁਰੂ ਜੀ ਨੇ ਮਤੀ ਦਾਸ ਜੀ ਨੂੰ ਪਾਸ ਸਦਨਾ ਪਾਤਸ਼ਾਹ ਨੇ ਆਰੇ ਨਾਲ ਚਰਵਾਉਣਾ ੫੫
੩੩ ਗੁਰੂ ਜੀ ਨੇ ਚਿਠੀ ਭੇਜਣੀ ੫੬
੩੪ ਭੀਖਨਸ਼ਾਹ ਨੇ ਸ਼ਰਨੀ ਔਣਾ ੫੮
੩੫ ਘੇਘੇ ਮਸੰਦ ਦਾ ਆਉਣਾ ਤੇ ਮਾਤਾ ਜੀ ਦੇ ਵਰ ਨਾਲ ਖੂਹ ਮਿਠਾ ਹੋਣਾ ੬੦
੩੬ ਅਨੰਦ ਪੁਰ ਨੂੰ ਸਾਹਿਬਜ਼ਾਦਾ ਜੀ ਦਾ ਤੁਰਨਾ ੬੧
੩੭ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ [illegible]


Sri Satguru Jagjit Singh Ji Elibrary NamdhariElibrary@gmail.com

| ਗਿਣਤੀ | ਪ੍ਰਸੰਗ | ਸਫ਼ਾ |
|---|---|---|
| | ਅਨੰਦ ਪੁਰ ਵਲ ਚਿਠੀ ਲਿਖਣੀ | ੬੫ |
| ੩੮ | ਅਨੰਦ ਪੁਰ ਚਿਠੀ ਆਉਣੀ | ੬੬ |
| ੩੯ | ਗੁਰਿਆਈ ਦੀ ਪਰਖ ਕਰਨੀ | ੬੯ |
| ੪੦ | ਮਾਤਾ ਗੁਜਰੀ ਜੀ ਨੂੰ ਸੁਪਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ | ੭੧ |
| ੪੧ | ਦਿਲੀ ਦਾ ਹਾਲ | ੭੫ |
| ੪੨ | ਗੁਰੂ ਜੀ ਦਾ ਸੀਸ ਅਨੰਦ ਪੁਰ ਪਹੁੰਚਣਾ | ੭੯ |
| ੪੩ | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰ ਗੱਦੀ ਦੀ ਰਸਮ | ੮੩ |
| ੪੪ | ਵਣਜਾਰੇ ਸਿਖ ਦਾ ਦਿਲੀ ਤੋਂ ਆਉਣਾ | ੮੫ |
| ੪੫ | ਗੁਰੂ ਜੀ ਨੇ ਲਾਹੌਰ ਰਚਨਾ | ੮੯ |
| ੪੬ | ਗੁਰੂ ਜੀ ਦਾ ਵਿਆਹ | ੯੪ |
| ੪੭ | ਚੋਰ ਨੂੰ ਪਕੜਨਾ | ੯੮ |
| ੪੮ | ਭਾਈ ਦੁਲਾ ਬਰਾਇ ਨੂੰ ਵਰ ਤੇ ਸਰਾਪ | ੯੯ |
| ੪੯ | ਰਿੱਛ ਦਾ ਉਧਾਰ | ੧੦੦ |
| ੫੦ | ਸਵਾ ਦੋ ਲਖ ਦੀ ਕਨਾਤ | ੧੦੩ |
| ੫੧ | ਗੁਰੂ ਜੀ ਦਾ ਦੂਸਰਾ ਵਿਆਹ | ੧੦੪ |
| ੫੨ | ਅਸਾਮ ਦੇ ਰਾਜਾ ਨੇ ਦਰਸ਼ਨਾਂ ਨੂੰ ਆਉਣਾ | ੧੦੫ |
| ੫੩ | ਗੁਰੂ ਜੀ ਨੇ ਰਣਜੀਤ ਨਗਾਰਾ ਤਿਆਰ ਕਰਵਾਉਣਾ | ੧੧੦ |
| ੫੪ | ਰਾਜਾ ਭੀਮ ਚੰਦ ਨੇ ਵਜ਼ੀਰ ਨੂੰ ਭੇਜਨਾ | ੧੧੬ |
| ੫੫ | ਰਾਜਾ ਭੀਮ ਚੰਦ ਦਾ ਜੋਸ਼ ਤੇ ਮੰਤ੍ਰੀ ਨੇ ਸਮਝਾਉਣਾ | ੧੨੩ |
| ੫੬ | ਕੁਟਵਾਲ ਨੇ ਰਾਜਾ ਨੂੰ ਜਾਕੇ ਸਭ ਹਾਲ ਦਸਣੀ ਤੇ ਗੁਰੂ ਜੀ ਨੇ ਨੰਦ ਚੰਦ ਨੂੰ ਦੀਵਾਨ ਬਨਾਉਣਾ | ੧੨੯ |
| ੫੭ | ਰਾਜਾ ਭੀਮ ਚੰਦ ਨੇ ਪੰਜੇ ਚੀਜ਼ਾਂ ਮੰਗਣੀਆਂ | ੧੩੨ |
| ੫੮ | ਰਾਜਾ ਭੀਮ ਚੰਦ ਨੇ ਚਿੱਠੀ ਭੇਜਣੀ | ੧੩੬ |
| ੫੯ | ਗੁਰੂ ਜੀ ਪਾਸ ਰਾਜਾ ਨਾਹਣ ਦੀ ਪੱਤ੍ਰਕਾ ਆਉਣੀ | ੧੩੯ |
| ੬੦ | ਗੁਰੂ ਜੀ ਨੇ ਨਾਹਣ ਪਹੁੰਚਕੇ ਕਿਲਾ ਰਚਨਾ | ੧੪੧ |
| ੬੧ | ਮੇਦਨੀ ਪ੍ਰਕਾਸ਼ ਤੇ ਰਾਜਾ ਫਤੇ ਸ਼ਾਹ ਦੀ ਸੁਲਾਹ ਬੁਧੂ ਸ਼ਾਹ ਦਾ ਆਉਣਾ | ੧੪੬ |
| ੬੨ | ਗੁਰੂ ਜੀ ਨੇ ਸ਼ੇਰ ਦਾ ਪਿਛਲਾ ਜਨਮ ਦਸਨਾ | ੧੪੯ |
| ੬੩ | ਬੁਧੂ ਸ਼ਾਹ ਨੇ ਪੰਜ ਸੌ ਮੁਰੀਦ ਨੌਕਰ ਰਖਾਉਣੇ | ੧੫੦ |
| ੬੪ | ਰਾਮ ਰਾਇ ਜੀ ਨੇ ਮਿਲਣਾ | ੧੫੧ |
| ੬੫ | ਗੁਰੂ ਜੀ ਨੇ ਬਾਣੀ ਰਚਨੀ | ੧੫੪ |
| ੬੬ | ਗੁਰੂ ਜੀ ਨੇ ਤੀਰਥ ਦੀ ਬੇਅਦਬੀ ਹਟਾਉਣੀ ਤੇ ਉਪਦੇਸ਼ ਦੇਣਾ | ੧੫੬ |
| ੬੭ | ਰਾਮ ਰਾਇ ਜੀ ਦਾ ਸਸਕਾਰ ਤੇ ਮਸੰਦਾਂ ਨੂੰ ਸਜ਼ਾ ਦੇਣੀ | ੧੫੮ |
| ੬੮ | ਗੁਰੂ ਜੀ ਨੇ ਦੀਵਾਨ ਨੰਦ ਚੰਦ ਨੂੰ ਤੇ ਸ੍ਰੀ ਨਗਰ ਭੇਜਣਾ ਰਾਜੇ ਭੀਮ ਚੰਦ ਦੀ ਜੰਞ | ੧੬੫ |
| ੬੯ | ਰਾਜਾ ਫਤੇ ਸ਼ਾਹ ਦੀ ਬੀਬੀ ਦਾ ਵਿਆਹ | ੧੭੩ |
| ੭੦ | ਜੰਗ ਦਾ ਮੁਢ ਤੇ ਪਹਾੜੀਆਂ ਨੂੰ ਹਾਰ | ੧੭੭ |
| ੭੧ | ਪਠਾਣਾਂ ਨੇ ਵਿਗੜਕੇ ਗੁਰੂ ਜੀ ਪਾਸੋਂ ਚਲੇ ਜਾਣਾ | ੧੮੦ |
| ੭੨ | ਬੁਧੂ ਸ਼ਾਹ ਦੀ ਜੁੱਧ ਦੀ ਤਿਆਰੀ | ੧੮੪ |
| ੭੩ | ਉਦਾਸੀਆਂ ਨੇ ਨੱਠ ਜਾਣਾ ਤੇ ਮਹੰਤ ਦਾ ਜੁਧ | ੧੮੭ |
| ੭੪ | ਬੁਧੂ ਸ਼ਾਹ ਦੇ ਇਕ ਪੁਤ੍ਰ ਦਾ ਸ਼ਹੀਦ ਹੋਣਾ | ੧੯੧ |
| ੭੫ | ਹਯਾਤ ਖਾਂ ਪਠਾਣ ਦੀ ਮੌਤ ਤੇ ਮਹੰਤ ਕਿਰਪਾਲ ਦਾ ਜੁੱਧ | ੧੯੩ |
| ੭੬ | ਗੁਰੂ ਜੀ ਨੇ ਲਕੜਾਂ ਦੀ ਤੇਗ਼ ਚਲਾਉਣੀ | ੧੯੪ |
| ੭੭ | ਬੁਧੂ ਸ਼ਾਹ ਦੇ ਦੂਜੇ ਪੁਤ੍ਰ ਨੇ ਸ਼ਹੀਦ ਹੋਣਾ | ੧੯੫ |
| ੭੮ | ਹਿਲਵਾਈ ਸਿਖ ਦੀ ਤਲਵਾਰ | ੧੯੬ |
| ੭੯ | ਭਾਈ ਜੀਤ ਮਲ ਜੀ ਦੀ ਸ਼ਹੀਦੀ | ੧੯੮ |


Sri Satguru Jagjit Singh Ji Elibrary NamdhariElibrary@gmail.com



ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿਲੀ ਵਿਚ ਪਾਤਸ਼ਾਹ ਔਰੰਗਜ਼ੇਬ ਪਾਸ ਪਹੁੰਚਣਾ

ਸਫਾ ੩੯

Sri Satguru Jagjit Singh Ji Elibrary NamdhariElibrary@gmail.com

ਤਾਂ ਬਹੁਤ ਸਿੰਘ ਬੰਦੇ ਨਾਲੋਂ ਵਖਰੇ ਹੋ ਗਏ ਕਈ ਸਿੰਘ ਚਲਦੇ ਹੋਏ ਗੁਰੂ ਜੀ ਪਾਸ ਨਦੇੜ ਪਹੁੰਚੇ ਤੇ ਸਭ ਕਾਰ ਬੰਦੇ ਦੀ ਜਾਕੇ ਸੁਣਾਈ। ਕਿ ਸਚੇ ਪਾਤਸ਼ਾਹ ਬੰਦਾ ਵਿਗੜ ਗਿਆ ਹੈ ਉਸ ਨੇ ਵਿਆਹ ਭੀ ਕਰਵਾ ਲਏ ਹਨ ਤੇ ਗੱਦੀ ਲਾਕੇ ਗੁਰੂ ਭੀ ਬਣ ਬੈਠਾ ਹੈ ਆਪਣਾ ਫਿਰਕਾ ਭੀ ਚਲਾ ਲਿਆ ਹੈ ਖਾਲਸੇ ਨਾਲ ਵਿਗੜ ਗਈ ਹੈ ਹੁਣ ਸ੍ਰੀ ਅੰਮ੍ਰਿਤਸਰ ਜੀ ਦੇ ਦਰਬਾਰ ਸਾਹਿਬ ਵਿਖੇ ਗੱਦੀ ਲਾਕੇ ਬੈਠਣਾ ਚਾਹੁੰਦਾ ਹੈ। ਗੁਰੂ ਜੀ ਬੋਲੇ 'ਖਾਲਸਾ ਜੀ! ਤੁਸੀਂ ਨਾ ਡਰੋ ਅਸਾਂ ਜੇਹੜੇ ਕੰਮ ਉਸ ਪਾਸੋਂ ਕਰਵਾਉਣੇ ਸਨ ਸੋ ਹੋ ਗਏ ਹਨ ਉਹ ਆਪੇ ਹੀ ਮਾਰਿਆ ਜਾਵੇਗਾ, ਰਾਜ ਤੇਜ ਖਾਲਸੇ ਦਾ ਵਧੇਗਾ।' ਇਧਰ ਬੰਦੇ ਪਾਸੋਂ ਜਿਤਨੀ ਗੁਰੂ ਜੀ ਦੀ ਦਿਤੀ ਹੋਈ ਸ਼ਕਤੀ ਸੀ ਸਭ ਉਡ ਗਈ, ਗੁਰੂ ਜੀ ਨੇ ਤੀਰਾਂ ਵਿਚੋਂ ਭੀ ਉਹ ਸ਼ਕਤੀ ਖਿਚ ਲਈ।

## ਬਹਾਦਰ ਸ਼ਾਹ ਬਾਦਸ਼ਾਹ ਨੇ ਪਛਤਾਉਣਾ ਤੇ ਗੁਰੂ ਜੀ ਪਾਸ ਆਉਣਾ

ਜਦ ਸਾਰੇ ਦੇਸ਼ ਦਾ ਹਾਲ ਬਹਾਦਰ ਸ਼ਾਹ ਪਾਸ ਪਹੁੰਚਾ ਤਾਂ ਬਹਾਦਰ ਸ਼ਾਹ ਹੈਰਾਨ ਹੋ ਗਿਆ ਕਿ ਗੁਰੂ ਜੀ ਨੇ ਗੁਸੇ ਹੋਕੇ ਠੀਕ ਕਿਹਾ ਸੀ ਕਿ ਮੈਂ ਆਪਣਾ ਇਕ ਸਿਖ ਭੇਜਕੇ ਸਭ ਬਦਲੇ ਲੈ ਲਵਾਂਗਾ ਸੋ ਬੜਾ ਜ਼ਬਰਦਸਤ ਸਿਖ ਉਹਨਾਂ ਭੇਜਿਆ ਹੈ ਜਿਸ ਨੇ ਮੁਲਕ ਹੀ ਤਬਾਹ ਕਰ ਦਿਤਾ ਹੈ ਮੈਂ ਜਿੰਨਾ ਲਸ਼ਕਰ ਭੇਜਿਆ ਸੀ ਉਸ ਲਸ਼ਕਰ ਅਗੇ ਕੋਈ ਤਾਕਤ ਨਹੀਂ ਸੀ ਠੈਹਰ ਸਕਦੀ ਸੋ ਲਸ਼ਕਰ ਉਸ ਨੇ ਇਕੋ ਪੈਹਰ ਵਿਚ ਤਬਾਹ ਕਰ ਦਿਤਾ ਹੈ, ਸੂਬਾ ਸਰਹੰਦ ਨੂੰ ਤੇ ਸੂਬਾ ਲਾਹੌਰ ਆਦਿਕਾਂ ਨੂੰ ਉਸਨੇ ਮਿਟੀ ਵਿਚ ਰੁਲਾ ਦਿਤਾ ਹੈ। ਇਹ ਬਹੁਤ ਹੀ ਬੁਰਾ ਹਾਲ

ਹੋਇਆ ਹੈ ਤਦ ਉਸਨੇ ਮੰਤ੍ਰੀ ਇਕੱਠੇ ਕਰਕੇ ਆਖਿਆ ਕਿ
ਹੁਣ ਕੀਹ ਕਰਨਾ ਚਾਹੀਦਾ ਹੈ। ਕਿਸੇ ਮੰਤ੍ਰੀ ਨੂੰ ਗਲ ਨਾ ਔਹੜੀ ਤ
ਪਾਸੇ ਭਾਈ ਨੰਦ ਲਾਲ ਜੀ ਨੇ ਆਖਿਆ ਪਾਤਸ਼ਾਹ ਸਲਾਮਤ
ਜੇਕਰ ਤੁਸੀਂ ਆਪਣੇ ਸੁਖਨ ਨੂੰ ਪੂਰਾ ਕਰਕੇ ਸਭ ਨੂੰ ਫੜਕੇ
ਗੁਰੂ ਜੀ ਦੇ ਹਵਾਲੇ ਕਰਦੇ ਅਵਲ ਤਾਂ ਗੁਰੂ ਜੀ ਬੜੇ ਦਇਆਵਾਨ
ਹਨ ਉਹਨਾਂ ਖਿਮਾਂ ਕਰਕੇ ਸਭ ਛਡ ਦੇਣੇ ਸੀ ਨਹੀਂ ਤਾਂ ਇਤਨਾ
ਦੇਸ਼ ਬਰਬਾਦ ਤਾਂ ਨਾ ਹੁੰਦਾ ਬਾਕੀ ਤੁਸੀਂ ਮੇਰੀ ਕਹੀ ਤੇ ਯਕੀਨ
ਨਹੀਂ ਕਰਕੇ ਗੁਰੂ ਜੀ ਨੂੰ ਟਾਲਾ ਮਾਲਾ ਕੀਤਾ ਤਾਂ ਉਹਨਾਂ ਇਕ
ਸਿੰਘ ਪਾਸੋਂ ਦੇਖੋ ਮੁਲਕ ਬਰਬਾਦ ਕਰਵਾ ਦਿਤਾ ਹੈ। ਹੁਣ ਭੀ
ਜੇਕਰ ਤੁਸੀਂ ਬਚਾ ਚਾਹੁੰਦੇ ਹੋ ਤਾਂ ਗੁਰੂ ਜੀ ਪਾਸੋਂ ਚਲਕੇ ਮਾਫੀ
ਮੰਗੋ ਤੇ ਉਹ ਉਸ ਨੂੰ ਰੋਕ ਦੇਣਗੇ। ਬਹਾਦਰਸ਼ਾਹ ਨੇ ਸੋਚਿਆ
ਕਿ ਠੀਕ ਹੈ। ਏਹ ਮੇਰਾ ਹੀ ਕਸੂਰ ਹੈ। ਸੋ ਹੁਣ ਨੰਦ ਲਾਲ
ਜੀ ਨੂੰ ਨਲ ਲੈਕੇ ਗੁਰੂ ਜੀ ਪਾਸ ਪਹੁੰਚਣਾ ਚਾਹੀਦਾ ਹੈ। ਉਸੇ
ਵੇਲੇ ਬਹਾਦਰ ਸ਼ਾਹ ਨੇ ਤਿਆਰੀ ਕਰਾਕੇ ਕੂਚ ਕੀਤਾ ਉਥੇ
ਪਹੁੰਚਕੇ ਆਪਣੇ ਮੁਸਾਹਿਬ ਗੁਰੂ ਜੀ ਪਾਸ ਭੇਜੇ ਕਿ ਮਹਾਰਾਜ
ਜੀ ਆਪ ਦੇ ਦਰਸ਼ਨ ਲਈ ਪਾਤਸ਼ਾਹ ਆਇਆ ਹੈ ਆਪ ਦਾ
ਹੁਕਮ ਹੋਵੇ ਤਾਂ ਹਾਜਰ ਹੋਵਨ, ਜਦ ਗੁਰੂ ਜੀ ਨੇ ਮੁਸਾਹਿਬਾਂ ਦੀ
ਏਹ ਗਲ ਸੁਣੀ ਤਾਂ ਗੁਰੂ ਜੀ ਬੋਲੇ ਸਾਡੇ ਨਾਲ ਪਾਤਸ਼ਾਹ ਦਾ
ਕੀਹ ਕੰਮ ਹੈ ਪਾਤਸ਼ਾਹ ਆਪਣੇ ਸੁਖਨ ਤੇ ਪੂਰਾ ਨਹੀਂ ਉਤਰਿਆ
ਇਸੇ ਲਈ ਅਸੀਂ ਮੇਲ ਕਰਨਾ ਨਹੀਂ ਚਾਹੁੰਦੇ ਓਹ ਜ਼ੁਬਾਨ ਦਾ
ਝੂਠਾ ਹੈ। ਮੁਸਾਹਿਬਾਂ ਨੇ ਜਾਕੇ ਪਾਤਸ਼ਾਹ ਨੂੰ ਸੁਣਾਇਆ ਪਾਤਸ਼ਾਹ
ਨੇ ਫਿਰ ਸਿਖਾਕੇ ਭੇਜੇ ਤਦ ਓਹ ਦੋਬਾਰਾ ਆਣਕੇ ਗੁਰੂ ਜੀ ਨੂੰ ਸਲਾਮਾਂ
ਕਰਨ ਲਗੇ ਤੇ ਅਰਜ ਕੀਤੀ ਮਹਾਰਾਜ ਪਾਤਸ਼ਾਹ ਨੇ ਅਰਜ
ਕੀਤੀ ਹੈ ਕਿ ਜੇ ਆਪ ਮੇਹਰਬਾਨੀ ਕਰੋ ਤਾਂ ਭਾਈ ਦਇਆ ਸਿੰਘ

Sri Satguru Jagjit Singh Ji Elibrary NamdhariElibrary@gmail.com

ਜੀ ਨੂੰ ਮੇਰੇ ਪਾਸ ਭੇਜੋ ਮੈਨੂੰ ਓਹ ਗੁਰੂ ਘਰ ਦੀਆਂ ਵਾਰਤਾਂ ਸੁਣਾਉਂਦਾ ਰਹੇਗਾ ਤਦ ਗੁਰੂ ਜੀ ਨੇ ਭਾਈ ਦਇਆ ਸਿੰਘ ਨੂੰ ਓਹਨਾਂ ਨਾਲ ਜਾਨ ਲਈ ਹੁਕਮ ਦਿਤਾ ਤਦ ਭਾਈ ਦਇਆ ਸਿੰਘ ਜੀ ਪਾਤਸ਼ਾਹ ਪਾਸ ਪਹੁੰਚੇ। ਭਾਈ ਦਇਆ ਸਿੰਘ ਜੀ ਨਾਲ ਬਹਾਦਰ ਸ਼ਾਹ ਨੇ ਮੁਲਾਕਾਤ ਕੀਤੀ ਅਤੇ ਆਦਰ ਮਾਨ ਨਾਲ ਇਕ ਪਾਸੇ ਬੈਠਾਕੇ ਆਖਿਆ ਕਿਸੇ ਤਰ੍ਹਾਂ ਗੁਰੂ ਜੀ ਨੂੰ ਪ੍ਰਸੰਨ ਕਰੋ। ਭਾਈ ਦਇਆ ਸਿੰਘ ਨੇ ਆਖਿਆ ਕਿ 'ਹੇ ਪਾਤਸ਼ਾਹ ਸਲਾਮਤ ਜਿਸ ਤਰ੍ਹਾਂ ਹੋ ਸਕੇ ਗੁਰੂ ਜੀ ਪਾਸੋਂ ਭੁਲ ਬਖਸ਼ਵਾ ਲਵੇਂ, ਸੁਖ ਵਰਤੇਗੀ, ਨਹੀਂ ਤਾਂ ਬੰਦੇ ਨੇ ਤੇਰੀ ਸਾਰੀ ਪਾਤਸ਼ਾਹੀ ਘਟੇ ਵਿਚ ਰੁਲਾ ਦੇਣੀ ਹੈ, ਗੁਰੂ ਜੀ ਸਦਾ ਹੀ ਕ੍ਰਿਪਾਲੂ ਹਨ ਓਹ ਝਟ ਪਟ ਬੇਨਤੀ ਕਰਨ ਤੇ ਪ੍ਰਸੰਨ ਹੋ ਜਾਣਗੇ। ਤਦ ਬਹਾਦਰ ਸ਼ਾਹ ਭਾਈ ਦਇਆ ਸਿੰਘ ਨੂੰ ਤੇ ਆਪਣੇ ਮੰਤ੍ਰੀਆਂ ਨੂੰ ਨਾਲ ਲੈਕੇ ਲਸ਼ਕਰ ਸਮੇਤ ਨਦੇੜ ਨੂੰ ਆਇਆ ਅਤੇ ਗੁਦਾਵਰੀ ਦੇ ਕੰਢੇ ਡੇਰਾ ਕੀਤਾ।

## ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਮਿਲਨਾ

ਸਵੇਰ ਸਾਰ ਹੀ ਪਾਤਸ਼ਾਹ ਨੇ ਭਾਈ ਦਇਆ ਸਿੰਘ ਜੀ ਨੂੰ ਸਦਿਆ ਤੇ ਪੁਛਿਆ ਕਿ ਗੁਰੂ ਜੀ ਨਾਲ ਕਿਸ ਤਰ੍ਹਾਂ ਮੁਲਾਕਾਤ ਹੋਵੇ, ਤੇ ਕਿਸ ਤਰਾਂ ਓਹਨਾਂ ਨੂੰ ਖੁਸ਼ ਕਰਾਂ। ਭਾਈ ਦਇਆ ਸਿੰਘ ਜੀ ਨੇ ਸਲਾਹ ਦਿਤੀ ਕਿ ਗੁਰੂ ਜੀ ਇਸ ਵਕਤ ਗੁਦਾਵਰੀ ਦੇ ਘਾਟ ਤੇ ਇਸ਼ਨਾਨ ਕਰਨ ਆਉਂਦੇ ਹਨ, ਸੋ ਉਥੇ ਕੁਝਕ ਚਿਰ ਬੈਠਦੇ ਭੀ ਹਨ, ਹੁਣ ਉਥੇ ਚਲੋ ਤੇ ਤੁਸੀਂ ਹਥ ਜੋੜਕੇ ਚੁਪ ਕਰ ਰਹਿਣਾ। ਤਦ ਬਹਾਦਰ ਸ਼ਾਹ ਕੁਝਕ ਮੰਤ੍ਰੀ ਨਾਲ ਲੈਕੇ ਭਾਈ ਦਇਆ ਸਿੰਘ ਨਾਲ ਉਥੇ ਆਇਆ ਜਦ ਦੂਰੋਂ ਹੀ ਗੁਰੂ ਜੀ ਨੂੰ ਬੈਠੇ ਦੇਖਿਆ ਤਾਂ ਘੋੜੇ ਤੋਂ ਉਤਰ ਬੈਠੇ, ਤੇ ਜੁਤੀਆਂ ਉਥੇ ਹੀ

Sri Satguru Jagjit Singh Ji Elibrary NamdhariElibrary@gmail.com

ਲਾਹ ਦਿਤੀਆਂ, ਨੰਗੇ ਪੈਰੀਂ ਚਲਕੇ ਗੁਰੂ ਜੀ ਪਾਸ ਆਏ, ਗੁਰੂ ਜੀ ਅੱਗੇ ਸਜਦਾ ਕੀਤਾ, ਅਤੇ ਜੇਹੜਾ ਹੀਰਾ ਔਰੰਗਜ਼ੇਬ ਨੇ ਜਥ ਜੰਗ ਕਰਕੇ ਬੜੇ ਜਤਨ ਨਾਲ ਤਾਨੇ ਸ਼ਾਹ ਪਾਸੋਂ ਖੋਹਿਆ ਸੀ, ਜਿਸ ਦੀ ਕੀਮਤ ਜਵਾਹਰੀਏ ਨੇ ਦਿੱਲੀ ਦੀ ਸਾਰੀ ਪਾਤਸ਼ਾਹੀ ਭੀ ਥੋੜੀ ਹੈ ਦਸੀ ਸੀ, ਓਹ ਹੀਰਾ ਗੁਰੂ ਜੀ ਅਗੇ ਬਹਾਦਰਸ਼ਾਹ ਨੇ ਰਖਦਿਤਾ।

## ਗੁਰੂ ਜੀ ਦੀ ਉਦਾਰਤਾ

ਗੁਰੂ ਜੀ ਨੇ ਓਹ ਹੀਰਾ ਚੁਕਦੇ ਸਾਰ ਹੀ ਗੁਦਾਵਰੀ ਦੇ ਵਿਚ ਮਾਰਿਆ, ਬਹਾਦਰ ਸ਼ਾਹ ਦਾ ਰੰਗ ਪੀਲਾ ਹੋਗਿਆ, ਤੇ ਹੱਕਾ ਬੱਕਾ ਹੋਕੇ ਉੱਭੇ ਸਾਹ ਲੈਣ ਲਗ ਪਿਆ, ਮਗਰ ਹੀਰੇ ਦੀ ਗੱਲ ਨੂੰ ਦਬਾਕੇ ਬੇਨਤੀ ਕਰਨ ਲਗਾ ਕਿ ਗੁਰੂ ਜੀ ਮੇਰੀ ਭੁਲ ਨੂੰ ਖਿਮਾ ਕਰੋ, ਮੈਂ ਆਪਦਾ ਗੁਲਾਮ ਹਾਂ, ਵਡੇ ਹਮੇਸ਼ਾਂ ਛੋਟਿਆਂ ਦੇ ਗੁਨਾਹ ਬਖਸ਼ਦੇ ਆਏ ਹਨ, ਮੈਂ ਨਵੀਂ ਨਵੀਂ ਪਾਤਸ਼ਾਹੀ ਹੋਣ ਕਰਕੇ ਡਰਦਾ ਸੀ ਕਿ ਸੂਬੇ ਵਿਗੜ ਜਾਣਗੇ, ਸੋ ਆਪ ਹੁਣ ਮੇਰੀ ਭੁਲ ਨੂੰ ਬਖਸ਼ ਦਿਓ, ਮੈਂ ਆਪਦਾ ਸੁਆਲ ਪੂਰਾ ਨਹੀਂ ਕਰ ਸਕਿਆ, ਸੋ ਹੁਣ ਤਾਂ ਆਪਨੇ ਬਦਲੇ ਲੈ ਲੀਤੇ ਹਨ, ਹੁਣ ਬੰਦੇ ਨੂੰ ਵਰਜ ਭੇਜੋ ਜੋ ਤਬਾਹੀ ਨਾ ਕਰੇ। ਤਦ ਗੁਰੂ ਜੀ ਬੋਲੇ ਕਿ ਬਹਾਦਰ ਸ਼ਾਹ ਅਸੀਂ ਤੇਰਾ ਮਨ ਦੇਖਦੇ ਸਾਂ, ਕਿ ਸੁਖਨ ਦਾ ਸਚਾ ਹੈਂ ਕਿ ਝੂਠਾ ? ਜੇਕਰ ਤੂੰ ਆਪਣੇ ਸੁਖਨ ਨੂੰ ਪੂਰਾ ਕਰਨ ਦੀ ਖਾਤਰ ਉੱਦਮ ਭੀ ਕਰਨ ਲਗਦੋਂ ਤਾਂ ਅਸੀਂ ਉਸੇ ਵੇਲੇ ਤੇਰੇ ਸਚੇ ਦਿਲ ਨੂੰ ਸਮਝਕੇ ਰੋਕ ਦੇਣਾ ਸੀ, ਕਿ ਜਾਣ ਦਿਓ, ਹੋਰ ਅਸਾਂ ਬਦਲਾ ਕੀਹ ਲੈਣਾ ਸੀ ? ਬਦਲਾ ਤਾਂ ਆਪ ਖੁਦਾ ਹੀ ਸਭ ਪਾਸੋਂ ਲੈ ਲੈਂਦਾ ਹੈ, ਜੋ ਜੋ ਕਰਮ ਪੁਰਸ਼ ਕਰਦਾ ਹੈ ਓਸ ਓਸ ਕਰਮ ਦਾ ਫਲ ਓਹ ਆਪ ਹੀ ਭੋਗ ਲੈਂਦਾ ਹੈ। ਦੇਖੋ ਜਦ ਤੁਸੀਂ ਨੌਰੰ-

Sri Satguru Jagjit Singh Ji Elibrary NamdhariElibrary@gmail.com

ਬੂਦਾ ਨਦੀ ਪਾਸ ਜਿਨ੍ਹਾਂ ਨੇ ਸਿੰਘਾਂ ਨੂੰ ਮਾਰਿਆ ਸੀ, ਤੇ ਭਾਈ ਮਾਨ ਸਿੰਘ ਸੁਲਾਹ ਕਰਾਉਣ ਵਾਲੇ ਨੂੰ ਮਾਰ ਦਿਤਾ ਸੀ, ਸੋ ਓਹਨਾਂ ਪਠਾਣਾਂ ਨੂੰ ਤੂੰ ਪਕੜਕੇ ਸਾਡੇ ਪਾਸ ਲਿਆਇਆ ਸੈਂ, ਕਿ ਜਿਸਤਰਾਂ ਮਰਜ਼ੀ ਹੈ ਏਹਨਾਂ ਨੂੰ ਸਜ਼ਾ ਦਿਓ, ਤਾਂ ਅਸਾਂ ਕਿਸੇ ਨੂੰ ਸਜ਼ਾ ਦਿਤੀ ਸੀ ? ਅਸਾਂ ਉਸੇ ਵੇਲੇ ਹੀ ਕਹਿ ਦਿਤਾ ਸੀ ਕਿ ਏਹਨਾਂ ਨੂੰ ਛਡ ਦਿਓ, ਆਪਣਾ ਕੀਤਾ ਆਪੇ ਪਾਉਣਗੇ, ਸੋ ਏਸੇ-ਤਰਾਂ ਹੀ ਅਸੀਂ ਓਹਨਾਂ ਨੂੰ ਭੀ ਛਡ ਦੇਣਾ ਸੀ, ਮਗਰ ਜਦ ਤੂੰ ਸੁਖਨ ਤੋਂ ਝੂਠਾ ਹੋਇਓਂ ਤਾਂ ਅਸਾਂ ਆਪਣਾ ਸਿਖ ਭੇਜਿਆ, ਸੁ ਤੇਰੀ ਪਾਤਸ਼ਾਹੀ ਤਾਕਤ ਉਸਨੂੰ ਰੋਕ ਨਹੀਂ ਸਕੀ। ਹਛਾ ਏਹ ਰਾਜ ਤੇਰੀ ਜ਼ਿੰਦਗੀ ਨਾਲ ਹੀ ਰਹੇਗਾ, ਬਾਕੀ ਹੁਣ ਅਗੇ ਮੁਗ-ਲੀਆ ਪਾਤਸ਼ਾਹੀ ਨਹੀਂ ਰਹੇਗੀ। ਤਦ ਬਹਾਦਰ ਸ਼ਾਹ ਨੇ ਹਥ ਜੋੜਕੇ ਆਖਿਆ ਹਛਾ ਜੀ ! ਹੁਣ ਇਸ ਗਜ਼ਰ ਨੂੰ ਹਟਾ ਦਿਓ, ਮੇਰ ਮਗਰੋਂ ਜੋ ਮਰਜ਼ੀ ਹੈ ਕਰਨਾ। ਅਜੇ ਏਹ ਗਲ ਹੋ ਹੀ ਰਹੀ ਸੀ ਜਾਂ ਪੰਜਾਬ ਵਲੋਂ ਕਈ ਸਿੰਘ ਘੋੜੇ ਦੁੜਾਈ ਗੁਰੂ ਜੀ ਪਾਸ ਆ ਪਹੁੰਚੇ ਤੇ ਸਭ ਨੇ ਮਥਾ ਟਕਿਆ ਤੇ ਬੈਠ ਗਏ। ਗੁਰੂ ਜੀ ਨੇ ਸੁਖ ਸਾਂਦ ਪੁਛੀ ਤੇ ਆਖਿਆ ਖਾਲਸਾ ਜੀ ! ਸੁਣਾਓ ਕੀ ਹਾਲ ਲਿਆਏ ਹੋ ? ਸਿੰਘ ਬੋਲੇ ਸਚੇ ਪਾਤਸ਼ਾਹ ਬੰਦੇ ਨੂੰ ਤਾਂ ਬੜਾ ਹੰਕਾਰ ਹੋ ਗਿਆ ਹੈ, ਉਸ ਨੇ ਤੁਹਾਡੀ ਸਾਰੀਆਂ ਨਸੀਹਤਾਂ ਉਲੰਘ ਦਿਤੀਆਂ ਹਨ, ਦੇਸ ਤਾਂ ਸਾਰਾ ਆਪਣੇ ਪਰਤਾਪ ਨਾਲ ਉਸਨੇ ਫਤੇ ਕਰ ਲਿਆ ਹੈ, ਮਗਰ ਹੁਣ ਗੁਰੂ ਬਣਕੇ ਪੁਜਾਉਣਾ ਚਾਹੁੰਦਾ ਹੈ, ਸੋ ਖਾਲਸਾ ਉਸ ਨਾਲੋਂ ਵਿਗੜਕੇ ਵਖਰਾ ਹੋ ਗਿਆ ਹੈ। ਜਦ ਸਾਰਾ ਹਾਲ ਸਿੰਘਾਂ ਨੇ ਬੰਦੇ ਦਾ ਸੁਣਾਇਆ, ਤਾਂ ਗੁਰੂ ਜੀ ਬੋਲੇ ਲੈ ਬਈ ਬਹਾਦਰ ਸ਼ਾਹ ਤੇਰਾ ਕੰਮ ਤਾਂ ਹੋ ਗਿਆ ਹੈ ਹੁਣ ਬੰਦੇ ਦੀ ਸਾਰੀ ਸਤਿਆ ਖਿਚੀ ਗਈ ਹੈ, ਹੁਣ ਓਹ ਆਪੇ ਹੀ ਨਾਸ ਹੋ

ਜਾਵੇਗਾ, ਕਿਉਂ ਕਿ ਗੁਰੂ ਘਰ ਦਾ ਤੇ ਹੰਕਾਰ ਦਾ ਵੈਰ ਹੈ । ਫਿਰ ਉਹ ਗੁਰੂ ਜੀ ਨੇ ਓਹਨਾਂ ਆਏ ਸਿੰਘਾਂ ਨੂੰ ਆਖਿਆ ਕਿ ਖਾਲਸਾ ਜੀ ! ਤੁਸੀਂ ਕੋਈ ਚਿੰਤਾ ਨਾ ਕਰੋ, ਅਸਾਂ ਜੋ ਜੋ ਕੰਮ ਉਸ ਪਾਸੋਂ ਕਰਵਾਉਣੇ ਸਨ, ਉਹ ਕਰਵਾ ਲਏ ਹਨ, ਸੋ ਜੇਕਰ ਉਹ ਗੁਰੂ ਘਰ ਦਾ ਦਾਸ ਬਣਿਆਂ ਰਹਿੰਦਾ ਤਾਂ ਉਸਦਾ ਤੇਜ ਦੂਣਾ ਚੌਣਾ ਵਧਦਾ ਜਾਂਦਾ, ਪ੍ਰੰਤੂ ਮਗਰ ਉਸੀ ਪਾਸੋਂ ਥੋੜੀ ਜਿਨੀ ਤਾਕਤ ਭੀ ਜਰੀ ਨਹੀਂ ਗਈ ਸੋ ਆਪੇ ਉਡ ਜਾਵੇਗਾ, ਹੁਣ ਤੁਰਕਾਂ ਦਾ ਰਾਜ ਬਹਾ-ਦਰ ਸ਼ਾਹ ਨਾਲ ਹੀ ਹੈ ਮਗਰੋਂ ਪੰਜਾਬ ਦਾ ਰਾਜ ਸਿੰਘਾਂ ਦੇ ਹਥ ਆਵੇਗਾ । ਏਹ ਬਚਨ ਸੁਣਕੇ ਬਹਾਦਰ ਸ਼ਾਹ ਨੇ ਫੇਰ ਸਲਾਮ ਕੀਤੀ ਅਤੇ ਗੁਰੂ ਜੀ ਦੀ ਵਡਿਆਈ ਕਰਨ ਲਗਾ ।

## ਗੁਰੂ ਜੀ ਨੇ ਕੌਤਕ ਦੱਸਕੇ ਹੰਕਾਰ ਤੋੜਨਾ

ਇਤਨੇ ਨੂੰ ਇਕ ਹੋਰ ਸਿਖ ਗੁਰੂ ਜੀ ਦੇ ਦਰਸ਼ਨ ਨੂੰ ਆਇਆ ਉਸ ਨੇ ਬੜੇ ਪ੍ਰੇਮ ਨਾਲ ਗੁਰੂ ਜੀ ਅਗੇ ਇਕ ਬਹੁਮੁਲਾ ਨਗੀਨਾ ਰਖਕੇ ਮਥਾ ਟੇਕਿਆ । ਗੁਰੂ ਜੀ ਨੇ ਉਸ ਨਗੀਨੇ ਨੂੰ ਚੁਕਕੇ ਗੁਦਾਵਰੀ ਵਿਚ ਸੁਟ ਦਿਤਾ । ਓਹ ਸਿੰਘ ਚੁੱਪ ਦਾ ਚੁਪ ਕਰ ਗਿਆ । ਗੁਰੂ ਜੀ ਬੋਲੇ ਭਾਈ ਸਿੰਘਾ ਤੂੰ ਇਸਤਰਾਂ ਕਿਉਂ ਹੈਰਾਨ ਹੋਇਆ ਹੈਂ ? ਤਦ ਸਿਖ ਨੇ ਹਥ ਜੋੜਕੇ ਬੇਨਤੀ ਕੀਤੀ ਸਚੇ ਪਾਤਸ਼ਾਹ ਮੈਂ ਬੜਾ ਕੀਮਤੀ ਨਗੀਨਾ ਆਪ ਵਾਸਤੇ ਲਿਆਇਆ ਸਾਂ ਆਪਨੇ ਕਦਰ ਨਹੀਂ ਕੀਤੀ । ਗੁਰੂ ਜੀ ਬੋਲੇ ਭਾਈ ਤੂੰ ਸਾਨੂੰ ਪਹਿਲਾਂ ਦਸਣਾ ਸੀ ਕਿ ਏਹ ਕੀਮਤੀ ਨਗੀਨਾ ਹੈ ਤਾਂ ਅਸੀਂ ਨਾ ਹੀ ਸੁਟਦੇ, ਹਛਾ ਹੁਣ ਡਿਗਾ ਤਾਂ ਨੇੜੇ ਹੀ ਹੈ ਤੇ ਪਾਤਸ਼ਾਹ ਬਹਾ-ਦਰ ਸ਼ਾਹ ਦਾ ਭੀ ਹੀਰਾ ਇਥੇ ਹੀ ਪਿਆ ਹੈ, ਸੋ ਤੂੰ ਹਿੰਮਤ ਕਰਕੇ ਭਾਲ ਕਰ ਲੈ ਜੇ ਲਭ ਪੈਣ ਤਾਂ ਚੰਗਾ ਹੈ । ਤਦ ਓਹ

Sri Satguru Jagjit Singh Ji Elibrary NamdhariElibrary@gmail.com

ਸਿੰਘ ਕਪੜੇ ਲਾਹਕੇ ਗੁਦਾਵਰੀ ਵਿਚ ਵੜਿਆ ਤੇ ਟੁਬੀ ਮਾਰਕੇ ਉਸ ਥਾਂ ਤੋਂ ਕੰਕਰੇਤ ਕਠੀ ਕਰ ਲਿਆਇਆ, ਜਦ ਪਾਣੀ ਤੋਂ ਬਾਹਰ ਸਿਰ ਕਢਕੇ ਦੇਖਿਆ ਤਾਂ ਸੈਂਕੜੇ ਨਗੀਨੇ ਤੇ ਸੈਂਕੜੇ ਤਾਨੇ ਸ਼ਾਹ ਵਰਗੇ ਹੀਰੇ ਨਜ਼ਰ ਆਏ। ਗੁਰੂ ਜੀ ਬੋਲੇ ਆਪਣਾ ਨਗੀਨਾ ਪਛਾਣਕੇ ਚੁਕ ਲਿਆ, ਤੇ ਬਾਕੀ ਦੇ ਵਿਚੇ ਹੀ ਸੁਟ ਦੇਹ। ਤਦ ਓਸ ਸਿੰਘ ਨੇ ਸਾਰੇ ਹੀ ਵਿਚ ਸੁਟ ਦਿਤੇ, ਤੇ ਆਖਿਆ ਸਚੇ ਪਾਤਸ਼ਾਹ ਮੈਂ ਅਣਜਾਣ ਨੇ ਆਪ ਦੀ ਮਹਿਮਾਂ ਨੂੰ ਨਹੀਂ ਸੀ ਜਾਣਿਆਂ, ਆਪ ਬਖਸ਼ ਲਓ। ਏਹ ਕੌਤਕ ਦੇਖਕੇ ਬਹਾਦਰਸ਼ਾਹ ਭੀ ਹੈਰਾਨ ਹੋਗਿਆ। ਗੁਰੂ ਜੀ ਬੋਲੇ ਬਹਾਦਰ ਸ਼ਾਹ ਤੂੰ ਏਹ ਨਾ ਸਮਝੀਂ ਮੇਰਾ ਹੀਰਾ ਐਵੇਂ ਗਵਾ ਦਿਤਾ ਹੈ, ਏਹ ਗੁਦਾਵਰੀ ਸਾਡਾ ਖਜਾਨਾ ਹੈ ਅਸੀਂ ਜੋ ਚੀਜ਼ ਆਪਣੇ ਖਜਾਨੇ ਵਿਚ ਰਖਣੀ ਚਾਹੁੰਦੇ ਹਾਂ ਓਹ ਇਥੇ ਰਖਦੇ ਹਾਂ। ਤਦ ਬਹਾਦਰ ਸ਼ਾਹ ਨੇ ਹਥ ਜੋੜਕੇ ਆਖਿਆ ਜੀ ਤੁਹਾਡੀਆਂ ਤੁਸੀਂ ਹੀ ਜਾਣੋਂ। ਉਸ ਦਿਨ ਤੋਂ ਉਸ ਘਾਟ ਦਾ ਨਾਮ ਨਗੀਨਾ ਘਾਟ ਪਿਆ।

## ਬੰਦੇ ਸਿਖਾਂ ਨੇ ਹਾਰ ਜਾਣਾ

ਪਾਤਸ਼ਾਹ ਖੁਸ਼ ਹੋਕੇ ਡੇਰੇ ਆਇਆ, ਤੇ ਸਭਨੀ ਪਾਸੀਂ ਪਰਵਾਨੇ ਲਿਖ ਭੇਜੇ ਕਿ ਖਾਲਸੇ ਨਾਲ ਮੇਲ ਕਰਕੇ ਬੰਦੇ ਨੂੰ ਪਕੜ ਲਓ, ਹੁਣ ਬੰਦੇ ਦਾ ਤੇਜ ਗੁਰੂ ਜੀ ਨੇ ਖਿਚ ਲਿਆ ਹੈ। ਜਦ ਪਾਤਸ਼ਾਹੀ ਪਰਵਾਨੇ ਸੂਬਿਆਂ ਨੂੰ ਪਹੁੰਚੇ ਤਾਂ ਫੌਜਾਂ ਲੈ ਲੈਕੇ ਬੰਦੇ ਉਪਰ ਪਏ ਕਈ ਸਿਖ ਬੰਦੇ ਦੇ ਹਾਰਦੇ ਹੋਏ ਪਹਾੜੀ ਵਿਚ ਵੜੇ, ਤੇ ਕਈ ਲੋਹਗੜੀ ਕਿਲੇ ਵਿਚ ਜਾ ਧਸੇ, ਤੁਰਕਾਂ ਨੇ ਘੇਰਾ ਪਾ ਲੀਤਾ ਤੇ ਜੁਧ ਹੁੰਦਾ ਰਿਹਾ।

Sri Satguru Jagjit Singh Ji Elibrary NamdhariElibrary@gmail.com

# ਇਕ ਪਠਾਣ ਨੇ ਗੁਰੂ ਜੀ ਪਾਸ ਆਉਣਾ ਤੇ ਗੁਰੂ ਜੀ ਨੇ ਭਵਿਖਤ ਦਸਣੀ

ਏਧਰ ਬਹਾਦਰ ਸ਼ਾਹ ਕਈ ਵੇਰ ਗੁਰੂ ਜੀ ਨਾਲ ਸ਼ਕਾਰ ਨੂੰ ਜਾਂਦਾ ਤੇ ਸ਼ਸਤ੍ਰ ਵਿਦਿਆ ਦੇ ਜੌਹਰ ਦੇਖਦਾ। ਸੰਗਤਾਂ ਗੁਰੂ ਜੀ ਪਾਸ ਆਣ ਆਣ ਕੇ ਭੇਟਾ ਧਰਦੀਆਂ, ਅਰ ਗੁਰੂ ਜੀ ਸਤ-ਨਾਮ ਦਾ ਉਪਦੇਸ਼ ਦਿੰਦੇ। ਦੋ ਵੇਲੇ ਗੁਰੂ ਜੀ ਦਾ ਦੀਵਾਨ ਸਜਦਾ ਤੇ ਸ਼ਬਦ ਕੀਰਤਨ ਦਾ ਉਚਾਰ ਹੁੰਦਾ। ਇਕ ਦਿਨ ਗੁਰੂ ਜੀ ਦੇ ਦਰਬਾਰ ਵਿਚ ਇਕ ਪਠਾਣ ਨੇ ਆਣਕੇ ਗੁਰੂ ਜੀ ਦੀ ਦਸਤਾ-ਵੇਜ਼ ਕਢਕੇ ਵਿਖਾਈ ਤੇ ਕਿਹਾ ਸੱਚੇ ਪਾਤਸ਼ਾਹ ਆਪਨੇ ਮੇਰੇ ਪਾਸੋਂ ਘੋੜੇ ਖਰੀਦੇ ਸਨ, ਤੇ ਏਹ ਕਾਗਜ਼ ਲਿਖ ਦਿਤਾ ਸੀ, ਸੋ ਫੇਰ ਆਪ ਨਾਲ ਜੁਧ ਜੰਗ ਹੁੰਦੇ ਰਹੇ, ਤੇ ਮੌਕਾ ਨਾ ਮਿਲਿਆ, ਸੋ ਹੁਣ ਬਹੁਤ ਚਿਰ ਹੋਗਿਆ ਹੈ, ਸਬਬ ਨਾਲ ਮੈਂ ਇਧਰ ਆਇਆ ਹਾਂ, ਤੇ ਕੁਦਰਤ ਨੇ ਤੁਹਾਡੇ ਨਾਲ ਮੇਲ ਕਰ ਦਿਤਾ ਹੈ, ਸੋ ਹੁਣ ਮੈਨੂੰ ਰੁਪਯਾ ਬਖਸ਼ੋ। ਗੁਰੂ ਜੀ ਬੋਲੇ ਠੀਕ ਹੈ, ਤੂੰ ਸਾਥੋਂ ਗਿਆਰਾਂ ਹਜ਼ਾਰ ਰੁਪਯਾ ਲੈਣਾ ਹੈ ਤੂੰ ਲੈਣ ਵਾਸਤੇ ਆਪ ਹੀ ਨਹੀਂ ਸੀ ਆਇਆ। ਹੁਣ ਤੂੰ ਧੀਰਜ ਰਖ ਤੇ ਏਹ ਕਾਗਜ਼ ਸਾਂਭ ਛਡ ਅਜ ਤੋਂ ਤੀਹ ਸਾਲ ਪਿਛੋਂ ਸਾਡੇ ਸਿਖਾਂ ਦਾ ਰਾਜ* ਹੋਵੇਗਾ, ਫੇਰ ਓਹਨਾਂ ਦਾ ਪਾਤਸ਼ਾਹ ਇਕ ਸਾਡਾ ਪਰਤਾਪੀ ਸਿਖ ਬਣੇਗਾ, ਉਸ ਪਾਸੋਂ ਜਾਕੇ ਲੈ ਲੈਣ ਓਹ ਤੁਹਾਨੂੰ ਸਾਡਾ ਕਾਗਜ਼ ਦੇਖਕੇ ਅਠ ਗੁਣਾ ਰੁਪਯਾ ਦੇਵੇਗਾ, ਤੇ ਇਸ ਕਾਗਜ਼ ਨੂੰ ਦੇਖਕੇ ਸਾਡੇ ਸਿੰਘ ਮੰਨਤਾਂ ਕਰਨਗੇ ਤੇ ਸਦਾ ਹੀ ਤੁਹਾਨੂੰ ਭੇਟਾ

*ਜਦੋਂ ਸਿੰਘਾਂ ਦਾ ਰਾਜ ਹੋਇਆ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਪਾਸੋਂ ਓਹੋ ਪਠਾਣ ਬੁਢਾ ਹੋਇਆ ਹੋਇਆ ਕਾਗਜ਼ ਲੈਕੇ ਲਾਹੌਰ ਆਇਆ ਸੀ ਤਦ ਸਰਕਾਰ ਨੇ ਕਾਗਜ਼ ਨੂੰ ਸਿਰ ਤੇ ਰਖਕੇ ਉਸ ਨੂੰ ਅੱਠ ਗੁਣਾ ਰੁਪਿਆ ਦਿਤਾ ਤੇ ਕੁਝਕੁ ਪਿੰਡ ਜਗੀਰ ਵਲੋਂ ਦਿਤੇ ਸਨ।

Sri Satguru Jagjit Singh Ji Elibrary NamdhariElibrary@gmail.com

ਦੇਂਦੇ ਰਹਿਣਗੇ। ਤੇਰੀ ਉਲਾਦ ਇਸ ਕਾਗਜ਼ ਤੋਂ ਗੁਜ਼ਾਰਾ ਕਰਦੀ ਰਹੇਗੀ। ਗੁਰੂ ਜੀ ਨੇ ਉਸ ਨੂੰ ਕੁਝਕ ਧਨ ਦੇਕੇ ਵਿਦਾ ਕੀਤਾ ਤਦ ਉਹ ਪਠਾਣ ਬੜਾ ਖੁਸ਼ ਹੋਕੇ ਮੁੜ ਗਿਆ।

## ਗੁਰੂ ਜੀ ਦੇ ਲੰਗਰ ਵਿਚੋਂ ਬਹਾਦਰ ਸ਼ਾਹ ਨੇ ਪ੍ਰਸ਼ਾਦ ਛਕਣਾ

ਇਕ ਦਿਨ ਗੁਰੂ ਜੀ ਨੇ ਅਤੁਟ ਲੰਗਰ ਚਲਾਇਆ, ਜਦ ਲੰਗਰ ਵਰਤ ਰਿਹਾ ਸੀ ਤਾਂ ਸਾਧਾਂ ਫਕੀਰਾਂ ਦਾ ਬੜਾ ਰੌਲਾ ਮਚਿਆ, ਪਾਸ ਹੀ ਪਰੇ ਬਹਾਦਰ ਸ਼ਾਹ ਦਾ ਡੇਰਾ ਸੀ ਉਸ ਨੇ ਰੌਲਾ ਸੁਣਕੇ ਆਪਣੇ ਆਦਮੀ ਨੂੰ ਭੇਜਿਆ ਕਿ ਜਾਕੇ ਪਤਾ ਕਰ ਜੋ ਗੁਰੂ ਜੀ ਦੇ ਡੇਰੇ ਪਾਸ ਰੌਲਾ ਕਿਹਾ ਪੈ ਰਿਹਾ ਹੈ? ਉਸ ਆਦਮੀ ਨੇ ਪਤਾ ਕਰਕੇ ਦਸਿਆ ਕਿ ਗੁਰੂ ਜੀ ਦਾ ਲੰਗਰ ਵਰਤ ਰਿਹਾ ਹੈ, ਪਾਤਸ਼ਾਹ ਨੇ ਸੋਚਿਆ ਕਿ ਗੁਰੂ ਜੀ ਦੇ ਲੰਗਰ ਦਾ ਖਰਚ ਜ਼ਿਆਦਾ ਹੋਣਾ ਹੈ ਤੇ ਆਮਦਨ ਘਟ ਹੋਣੀ ਹੈ ਜਿਸ ਕਰਕੇ ਲੰਗਰ ਵਿਚ ਰੌਲਾ ਪੈਂਦਾ ਹੈ, ਉਸੇ ਵੇਲੇ ਪਾਤਸ਼ਾਹ ਨੇ ਕੁਝਕ ਰਸਦ ਲੰਗਰ ਵਿਚ ਭੇਜੀ, ਗੁਰੂ ਜੀ ਨੇ ਸਾਰੀ ਰਸਦ ਦਾ ਹੀ ਕੜਾਹ ਪ੍ਰਸ਼ਾਦ ਕਰਵਾਕੇ ਵਰਤਵਾ ਦਿਤਾ। ਦੂਸਰੇ ਦਿਨ ਫੇਰ ਰੌਲਾ ਸੁਣਕੇ ਪਾਤਸ਼ਾਹ ਨੇ ਕੁਝ ਰੁਪਿਆ ਭੇਜਿਆ। ਗੁਰੂ ਜੀ ਨੇ ਓਹ ਭੀ ਖਰਚ ਕਰ ਦਿਤਾ, ਤੀਸਰੇ ਦਿਨ ਉਸ ਤੋਂ ਦੂਣਾ ਰੌਲਾ ਮਚਿਆ। ਪਾਤਸ਼ਾਹ ਨੇ ਭਾਈ ਦਇਆ ਸਿੰਘ ਪਾਸ ਪੁਛਿਆ ਕਿ ਮੈਂ ਇਤਨਾ ਧਨ ਭੀ ਭੇਜਦਾ ਹਾਂ, ਪਰ ਫੇਰ ਭੀ ਇਤਨਾ ਰੌਲਾ ਕਿਉਂ ਪੈਂਦਾ ਹੈ? ਭਾਈ ਦਇਆ ਸਿੰਘ ਜੀ ਬੋਲੇ ਕਿ ਪਾਤਸ਼ਾਹ ਸਲਾਮਤ ਗੁਰੂ ਜੀ ਪਾਸ ਧਨ ਦੀ ਕਮੀ ਨਹੀਂ ਹੈ, ਆਪ ਨੇ ਉਸ ਦਿਨ ਗੁਦਾਵਰੀ ਵਿਚੋਂ ਨਿਕਲੇ ਹੋਏ ਕਿੰਨੇ ਕੁ ਹੀਰੇ ਤੇ

Sri Satguru Jagjit Singh Ji Elibrary NamdhariElibrary@gmail.com

ਨਗੀਨੇ ਆਦਿਕ ਦੇਖੇ ਸਨ, ਸੋ ਗੁਰੂ ਜੀ ਚਾਹੁਣ ਤਾਂ ਸਾਰੀ ਜ਼ਮੀਨ ਹੀ ਜੁਵਾਹਰਾਤ ਦੀ ਕਰ ਦੇਣ ਏਹ ਉਂਜ ਹੀ ਲੰਗਰ ਦੇ ਢੂਲੇ ਰੌਲਾ ਪਿਆ ਹੀ ਕਰਦਾ ਹੈ। ਪਾਤਸ਼ਾਹ ਬਹੁਤ ਖੁਸ਼ ਹੋਇਆ ਤੇ ਰੋਜ਼ ਹੀ ਰਸਦ ਲੰਗਰ ਵਾਸਤੇ ਭੇਜਦਾ ਰਿਹਾ। ਇਕ ਦਿਨ ਬਹਾਦਰ ਸ਼ਾਹ ਗੁਰੂ ਜੀ ਦਾ ਲੰਗਰ ਵਰਤਦਾ ਦੇਖਣ ਲਈ ਆਇਆ ਤੇ ਦੇਖ ਦੇਖ ਕੇ ਬੜਾ ਖੁਸ਼ ਹੋਇਆ ਤਮਾਮ ਪੰਗਤਾਂ ਵਿਚ ਅਮੀਰ ਗਰੀਬ ਇਕੋ ਜੇਹੇ ਬੈਠੇ ਹੋਏ ਸਨ ਤਾਂ ਬਹਾਦਰਸ਼ਾਹ ਸਲਾਮ ਕਰਕੇ ਗੁਰੂ ਜੀ ਪਾਸ ਜਾ ਬੈਠਾ ਗੁਰੂ ਜੀ ਨੇ ਹੁਕਮ ਦਿਤਾ ਕਿ ਇਕ ਥਾਲ ਪ੍ਰਸ਼ਾਦ ਦਾ ਲਗਾ ਕੇ ਬਾਦਸ਼ਾਹ ਬਹਾਦਰ ਸ਼ਾਹ ਵਾਸਤੇ ਲਿਆਓ ਤਾਂ ਬਹਾਦਰ ਸ਼ਾਹ ਕੁਝ ਝਿਝਕਿਆ, ਗੁਰੂ ਜੀ ਬੋਲੇ ਬਹਾਦਰ ਸ਼ਾਹ ਝਿਝਕ ਨਾਂ ਅਜ ਸਾਡੇ ਬੀ ਲੰਗਰ ਦਾ ਪ੍ਰਸ਼ਾਦ ਛਕ ਕੇ ਵੇਖ ਕਦੀ ਤੂੰ ਅਜ ਤਕ ਕੋਈ ਖਾਣਾ ਅਜੇਹਾ ਖਾਧਾ ਹੀ ਨਾ ਹੋਵੇਗਾ, ਤਾਂ ਉਸੇ ਵੇਲੇ ਇਕ ਸਿੰਘ ਥਾਲ ਲਵਾ ਕੇ ਲੈ ਆਇਆ ਤੇ ਬਹਾਦਰ ਸ਼ਾਹ ਦੇ ਅਗੇ ਲਿਆ ਰਖਿਆ ਬਹਾਦਰ ਸ਼ਾਹ ਗੁਰੂ ਜੀ ਦਾ ਹੁਕਮ ਮੰਨਕੇ ਖਾਣ ਲਗਾ ਜੇਹੜੀ ਜੇਹੜੀ ਬੁਰਕੀ ਖਾਵੇ ਉਸ ਵਿਚੋਂ ਭਾਂਤ ਭਾਂਤ ਦਾ ਸੁਆਦ ਆਵੇ ਮੂਲ ਕੀਹ ਬਤੀਆਂ ਬੁਰਕੀਆਂ ਵਿਚ ਬਤੀ ਪ੍ਰਕਾਰ ਦੇ ਪਕਵਾਨ ਦਾ ਸੁਆਦ ਆਇਆ ਅਜੇਹਾ ਕਦੇ ਪਾਤਸ਼ਾਹ ਨੇ ਖਾਣਾ ਅਜ ਤਕ ਖਾਧਾ ਹੀ ਨਹੀਂ ਸੀ ਹੈਰਾਨ ਹੋ ਗਿਆ ਕਿ ਪਕਵਾਨ ਇਕੋ ਹੈ ਤੇ ਸੁਆਦ ਬੁਰਕੀ ਬੁਰਕੀ ਦਾ ਵਖੋ ਵਖ ਖਟਾ ਮਿਠਾ ਸਲੂਣਾ ਤੁਰਸ਼ ਆਦਿਕ ਆਉਂਦਾ ਹੈ। ਇਹ ਸਿਰਫ ਗੁਰੂ ਜੀ ਦੀ ਹੀ ਕਲਾ ਹੈ ਬਹਾਦਰ ਸ਼ਾਹ ਨੇ ਬੜੇ ਪ੍ਰਸੰਨ ਹੋਕੇ ਭੋਜਨ ਛਕਿਆ ਅਜੇਹਾ ਸੁਆਦ ਉਸਨੇ ਅਗੇ ਕਦੀ ਵੇਖਿਆ ਹੀ ਨਹੀਂ ਸੀ ਉਸ ਦਿਨ ਤੋਂ ਰੋਜ਼ ਹੀ ਪਾਤਸ਼ਾਹ ਥਾਲ ਲਗਵਾਕੇ ਗੁਰੂ ਜੀ ਪਾਸੋਂ ਡੇਰੇ ਮੰਗਵਾ ਲੈਂਦਾ ਰਿਹਾ।

Sri Satguru Jagjit Singh Ji Elibrary NamdhariElibrary@gmail.com

ਅਤੇ ਆਪਣੀਆਂ ਨੂੰ ਬੇਗਮਾਂ ਨੂੰ ਭੀ ਭੋਜਨ ਦੇ ਭਾਂਤ ਭਾਂਤ ਦਾ ਸੁਆਦ ਦਿਖਾਉਂਦਾ ਰਿਹਾ। ਹੁਣ ਬਹਾਦਰ ਸ਼ਾਹ ਦਾ ਗੁਰੂ ਜੀ ਉਪਰ ਪੱਕਾ ਨਿਸਚਾ ਬਝ ਗਿਆ ਅਰ ਖੁਦਾ ਦਾ ਰੂਪ ਪੈਕੰਬਰ ਸਮਝਣ ਲਗਾ। ਇਕ ਦਿਨ ਬਹਾਦਰ ਸ਼ਾਹ ਨੇ ਗੁਰੂ ਜੀ ਪਾਸੋਂ ਪੰਜ ਥਾਲ ਮੰਗਵਾ ਭੇਜੇ ਤਦ ਗੁਰੂ ਜੀ ਨੇ ਇਕੋ ਹੀ ਥਾਲ ਕੜਾਹ ਪ੍ਰਸ਼ਾਦ ਦਾ ਭੇਜ ਦਿਤਾ ਤੇ ਆਖਿਆ ਇਸ ਉਪਰੋਂ ਰੁਮਾਲ ਨਹੀਂ ਲਾਹੁਣਾ ਜਿਸ ਜਿਸ ਚੀਜ਼ ਦੇ ਖਾਣ ਦੀ ਕਿਸੇ ਨੂੰ ਇਛਿਆ ਹੋਵੇ ਓਹ ਓਹ ਚੀਜ਼ ਭਾਈ ਦਇਆ ਸਿੰਘ ਜੀ ਕਢਕੇ ਦਈ ਜਾਣ। ਤਦ ਉਸੇ ਤਰਾਂ ਹੀ ਕੀਤਾ ਗਿਆ ਜੋ ਜੋ ਚੀਜ਼ ਪਾਤਸ਼ਾਹ ਮੰਗੀ ਜਾਵੇ ਓਹੋ ਓਹੋ ਚੀਜ਼ ਭਾਈ ਜੀ ਕਢਕੇ ਦੇਈ ਜਾਵਨ। ਬਹਾਦਰ ਸ਼ਾਹ ਮੰਤ੍ਰੀਆਂ ਸਮੇਤ ਰੱਜ ਗਿਆ ਤੇ ਫਿਰ ਬਹਾਦਰ ਸ਼ਾਹ ਨੇ ਹਸਦਿਆਂ ਹੋਇਆਂ ਥਾਲ ਤੋਂ ਰੁਮਾਲ ਲਾਹ ਦਿਤਾ ਤਾਂ ਓਹ ਕੜਾਹ ਪ੍ਰਸ਼ਾਦ ਹੀ ਭਰਿਆ ਹੋਇਆ ਨਜ਼ਰ ਆਇਆ। ਸਭ ਦੇਖਕੇ ਅਚੰਭਾ ਹੋਗਏ ਤੇ ਜਾਹਰਾ ਪੀਰ ਆਖਣੇ ਲਗੇ।

## ਮਾਤਾ ਸਾਹਿਬ ਦੇਵਾਂ ਜੀ ਨੂੰ ਤੇ ਰਾਮਕੌਰ ਜੀ ਨੂੰ ਵਾਪਸ ਭੇਜਣਾ

ਸਾਹਿਬ ਰਾਮ ਕੌਰ ਜੀ ਗੁਰੂ ਜੀ ਦੇ ਨਾਲ ਹੀ ਦਖਣ ਨੂੰ ਗਏ ਹੋਏ ਸਨ। ਓਹਨਾਂ ਦੀ ਮਾਤਾ ਜੀ ਭੀ ਮਗਰੋ ਮਗਰ ਨਦੇੜ ਪਹੁੰਚੇ ਤੇ ਗੁਰੂ ਜੀ ਪਾਸ ਬੇਨਤੀ ਕੀਤੀ "ਸਚੇ ਪਾਤਸ਼ਾਹ ! ਮੇਰੇ ਪੁਤ੍ਰ ਨੂੰ ਘਰ ਭੇਜ ਦਿਓ ਤੁਹਾਡੀ ਬੜੀ ਕਿਰਪਾ ਹੋਵੇਗੀ। ਗੁਰੂ ਜੀ ਨੇ ਸਾਹਿਬ ਰਾਮ ਕੌਰ ਜੀ ਨੂੰ ਆਖਿਆ ਕਿ ਤੁਸੀਂ ਮਾਤਾ ਦੇ ਨਾਲ ਜਾਓ ਸਾਡਾ ਬਚਨ ਨਾ ਮੋੜਨਾਂ ਤਦ ਰਾਮ ਕੌਰ ਜੀ ਹਥ ਜੋੜਕੇ ਬੋਲੇ ਮਹਾਰਾਜ ਮੈਂ ਨਿਯਮ ਕਰ ਚੁਕਾ ਹਾਂ ਕਿ ਤੁਹਾਡੇ ਦਰਸ਼ਨ ਕੀਤੇ ਤੋਂ ਬਿਨਾ ਭੋਜਨ ਨਹੀਂ ਛਕਾਂਗਾ ਸੋ

Sri Satguru Jagjit Singh Ji Elibrary NamdhariElibrary@gmail com

ਏਹ ਨਿਯਮ ਕਿਸਤਰਾਂ ਨਿਭੇਗਾ ? ਗੁਰੂ ਜੀ ਨੇ ਕਿਹਾ ਕਿ ਜਦੋਂ ਤੁਸੀਂ ਬਾਹਰ ਸ਼ਿਕਾਰ ਖੇਡਣ ਜਾਇਆ ਕਰੋਗੇ ਤਾਂ ਸਾਡਾ ਦਰਸ਼ਨ ਹੋ ਜਾਇਆ ਕਰੇਗਾ। ਰਾਮ ਕੌਰ ਜੀ ਗੁਰੂ ਜੀ ਦਾ ਬਚਨ ਮੰਨਕੇ ਮਾਤਾ ਜੀ ਨਾਲ ਤੁਰ ਪਏ, ਫਿਰ ਗੁਰੂ ਜੀ ਨੇ ਸਾਹਿਬਦੇਵਾਂ ਜੀ ਨੂੰ ਸਦਵਾਕੇ ਆਖਿਆ ਕਿ ਤੁਸੀਂ ਭੀ ਏਹਨਾਂ ਦੇ ਨਾਲ ਜਾਵੋ ਤੁਹਾਨੂੰ ਦਿਲੀ ਛਡ ਜਾਣਗੇ ਤੇ ਸੁੰਦਰੀ ਜੀ ਪਾਸ ਜਾਕੇ ਰਹੋ ਸਭ ਸੰਗਤਾਂ ਤੁਹਾਡੇ ਪਾਸ ਆਉਣਗੀਆਂ ਤੁਸੀਂ ਸਭ ਦੀਆਂ ਮਨੋਂ ਕਾਮਨਾਂ ਪੂਰੀਆਂ ਕਰਨੀਆਂ, ਖੀਸਾ ਗੁਰੂ ਘਰ ਦਾ ਤੇ ਹਥ ਤੁਹਾਡਾ। ਸਾਹਿਬ ਦੇਵਾਂ ਜੀ ਨੇ ਭੀ ਆਖਿਆ ਮਹਾ-ਰਾਜ ਜੀ ਮੈਂ ਭੀ ਨਿਯਮ ਕਰ ਚੁਕੀ ਹਾਂ ਕਿ ਤੁਹਾਡਾ ਦਰਸ਼ਨ ਕਰਕੇ ਪ੍ਰਸ਼ਾਦ ਛਕਣਾ ਹੈ ਸੋ ਨਿਯਮ ਭੰਗ ਨਹੀਂ ਹੋਣਾ ਚਾਹੀਦਾ। ਗੁਰੂ ਜੀ ਬੋਲੇ ਅਹਿ ਲਓ ਸਾਡੇ ਪੰਜ ਸ਼ਸਤ੍ਰ ਇਹਨਾਂ ਨੂੰ ਅਦਬ ਨਾਲ ਰਖਣਾ ਤੇ ਜਦੋਂ ਭੀ ਤੁਸੀਂ ਪ੍ਰਸ਼ਾਦ ਛਕਣ ਲਗੋਗੇ ਸਾਡਾ ਦਰਸ਼ਨ ਹੋ ਜਾਇਆ ਕਰੇਗਾ। ਏਹ ਬਚਨ ਸੁਣਕੇ ਮਾਤਾ ਜੀ ਭੀ ਰਾਮ ਕੌਰ ਜੀ ਦੇ ਨਾਲ ਤੁਰ ਪਈ। ਹੁਣ ਮਾਤਾ ਜੀ ਦਿੱਲੀ ਪਹੁੰਚਕੇ ਸੁੰਦਰੀ ਜੀ ਨੂੰ ਮਿਲੇ ਤੇ ਰਾਮ ਕੌਰ ਜੀ ਰਸਾਵ ਦਾਸ ਪਹੁੰਚ ਗਏ। ਸੋ ਰਾਮ ਕੌਰ ਜੀ ਭੀ ਰੋਜ਼ ਸ਼ਿਕਾਰ ਨੂੰ ਨਿਕਲਦੇ ਤੇ ਗੁਰੂ ਜੀ ਦਰਸ਼ਨ ਦੇਕੇ ਅਲੋਪ ਹੋ ਜਾਂਦੇ ਤੇ ਓਧਰ ਦਿੱਲੀ ਵਿਚ ਮਾਤਾ ਸਾਹਿਬਦੇਵਾਂ ਜੀ ਭੀ ਜਦ ਪ੍ਰਸ਼ਾਦ ਛਕਣ ਬੈਠਦੇ ਤਾਂ ਗੁਰੂ ਜੀ ਦਰਸ਼ਨ ਦੇਕੇ ਅਲੋਪ ਹੋ ਜਾਂਦੇ। ਏਹ ਨੇਮ ਦੋਹਨਾਂ ਦਾ ਨਿਭਦਾ ਰਿਹਾ ਦਿੱਲੀ ਵਿਚ ਮਾਤਾ ਸੁੰਦਰੀ ਤੇ ਸਾਹਿਬਦੇਵਾਂ ਜੀ ਪਾਸੋਂ ਦੂਰੋਂ ਦੂਰੋਂ ਸੰਗਤਾਂ ਆਉਂਦੀਆਂ ਮਾਤਾ ਜੀ ਜਿਸ ਦੇ ਸਿਰ ਤੇ ਹੱਥ ਫੇਰਦੇ ਉਸ ਦੇ ਦੁਖ ਦਰਿਦ੍ਰ ਛਾਇਆ ਆਦਿਕ ਸਭ ਦੂਰ ਹੋ ਜਾਂਦੇ ਤੇ ਸਤਿਨਾਮ ਦਾ ਉਪਦੇਸ਼ ਦਿੰਦੇ।

Sri Satguru Jagjit Singh Ji Elibrary NamdhariElibrary@gmail.com

# ਬਹਾਦਰ ਸ਼ਾਹ ਨੇ ਗੁਰੂ ਜੀ ਪਾਸੋਂ ਛੁਟੀ ਲੈਣੀ

ਇਕ ਦਿਨ ਬਹਾਦਰ ਸ਼ਾਹ ਗੁਰੂ ਜੀ ਪਾਸ ਗਿਆ ਮਥਾ ਟੇਕਕੇ ਬੈਠ ਗਿਆ ਤੇ ਬਹੁਤ ਭੇਟਾ ਅਗੇ ਰਖੀ। ਗੁਰੂ ਜੀ ਨੇ ਸਨਮਾਨ ਕਰਕੇ ਪੁਛਿਆ ਕਿ "ਸੁਣਾਓ ਕਿਸਤਰਾਂ ਆਏ ਹੋ ?" ਬਹਾਦਰ ਸ਼ਾਹ ਨੇ ਅਰਜ਼ ਕੀਤੀ ਕਿ ਮੈਂ ਹੁਣ ਹੈਦਰਾਬਾਦ ਤਕ ਜਾਕੇ ਫੇਰ ਦਿਲੀ ਨੂੰ ਜਾਣਾ ਹੈ ਇਸ ਲਈ ਆਪ ਪਾਸੋਂ ਆਗਿਆ ਲੈਣ ਆਇਆ ਹਾਂ। ਗੁਰੂ ਜੀ ਨੇ ਪ੍ਰਸੰਨਤਾ ਪੂਰਬਕ ਉੱਤਰ ਦਿਤਾ ਹਛਾ ਜੋ ਵਾਹਿਗੁਰੂ ਦੀ ਮਰਜ਼ੀ, ਬਹਾਦਰ ਸ਼ਾਹ ਨੇ ਫੇਰ ਅਰਜ਼ ਕੀਤੀ ਕਿ "ਮਹਾਰਾਜ ਜੀ ਹੁਣ ਤਾਂ ਆਪਦੇ ਬੰਦੇ ਨੇ ਜਾਕੇ ਸਭ ਆਪ ਦੇ ਦ੍ਰੋਹੀ ਮਾਰ ਦਿਤੇ ਹਨ, ਹੁਣ ਤੁਸੀਂ ਸ਼ਾਂਤੀ ਕਰਵਾਓ ਮੈਨੂੰ ਰੋਜ਼ ਪੰਜਾਬਦੀਆਂ ਖਬਰਾਂ ਆਉਂਦੀਆਂ ਹਨ।' ਗੁਰੂ ਜੀ ਕਹਿਣ ਲਗੇ ਕਿ ਹੁਣ ਬੰਦਾ ਤੁਹਾਡੇ ਕਬਜ਼ੇ ਵਿਚ ਆ ਜਾਵੇਗਾ ਕੋਈ ਚਿੰਤਾ ਨਾ ਕਰੋ ਕਿਉਂਕਿ ਉਸ ਨੇ ਸਾਡੀਆਂ ਨਸੀਅਤਾਂ ਨੂੰ ਉਲੰਘਣ ਕਰ ਲਿਆ ਹੈ।' ਬਹਾਦਰ ਸ਼ਾਹ ਮਥਾ ਟੇਕਕੇ ਡੇਰੇ ਗਿਆ ਤੇ ਹੈਦਰਾਬਾਦ ਨੂੰ ਤੁਰ ਗਿਆ ਗੁਰੂ ਜੀ ਉਥੇ ਹੀ ਠਹਿਰੇ ਰਹੇ।

# ਗੁਰੂ ਜੀ ਨੇ ਪਠਾਣ ਨੂੰ ਨੌਕਰ ਰਖਣਾ

ਇਕ ਦਿਨ ਗੁਰੂ ਜੀ ਦੀਵਾਨ ਸਜਾ ਕੇ ਬੈਠੇ ਸਨ, ਸ਼ਬਦ ਕੀਰਤਨ ਦਾ ਅਨੰਦ ਹੋ ਰਿਹਾ ਸੀ ਤੇ ਸੰਗਤਾਂ ਦੀ ਆਉ ਜਾਈ ਲਗੀ ਹੋਈ ਸੀ ਜਾਂ ਇਤਨੇ ਵਿਖੇ ਇਕ ਪਠਾਣ ਪੁਤਰ ਜੁਵਾਨ ਹੀ ਕੋਈ ਵੀਹ ਸਾਲ ਦੀ ਉਮਰ ਦਾ ਆਇਆ। ਉਸ ਨੇ ਗੁਰੂ ਜੀ ਦਾ ਪ੍ਰਤਾਪ ਦੇਖ ਕੇ ਗੋਡਿਆਂ ਭਾਰ ਹੋਕੇ ਸਲਾਮ ਕੀਤੀ ਤੇ ਬੜੇ ਅਦਬ ਨਾਲ ਬੈਠਾ ਰਿਹਾ ਤਾਂ ਗੁਰੂ ਜੀ ਨੇ ਉਸ ਨੂੰ ਖ਼ਾਸ

Sri Satguru Jagjit Singh Ji Elibrary NamdhariElibrary@gmail.com

ਸੱਦਕੇ ਪੁਛਿਆ ਕਿ ਸੁਣਾ ਬਈ ਆ ਪਹੁੰਚਾ ਹੈਂ ? ਆਪਣੇ ਪਿਓ ਦਾਦੇ ਦਾ ਨਾਮ ਤੇ ਆਪਣਾ ਨਾਮ ਦਸ ? ਅਸੀਂ ਤੈਨੂੰ ਉਡੀਕਦੇ ਹੀ ਸਾਂ। ਪਠਾਣ ਨੇ ਹਥ ਜੋੜਕੇ ਆਖਿਆ ਕਿ ਪੀਰ ਜੀ ! ਮੇਰੇ ਦਾਦੇ ਦਾ ਨਾਮ ਪੈਂਦੇ ਖਾਨ ਸੀ ਤੇ ਮੇਰੇ ਬਾਪ ਦਾ ਨਾਮ ਸੈਦੇ ਖਾਂ ਸੀ। ਮੇਰਾ ਨਾਮ ਗੁਲ ਖਾਂ ਹੈ। ਮੇਰਾ ਪਿੰਡ ਮੀਰ ਨਾਮ ਕਰਕੇ ਛੋਟਾ ਜਿਹਾ ਜਲੰਧਰ ਦੇ ਪਾਸ ਵਾਰ ਹੈ ਅਸੀਂ ਮੁੱਢ ਤੋਂ ਹੀ ਪਾਤਸ਼ਾਹਾਂ ਦੀ ਨੌਕਰੀ ਕਰਦੇ ਆਏ ਹਾਂ। ਹੁਣ ਮੇਰੀ ਮਾਈ ਨੇ ਮੈਨੂੰ ਆਪ ਦੇ ਪਾਸ ਭੇਜਿਆ ਹੈ ਤੇ ਮੇਰੇ ਦਾਦੇ ਤੇ ਪਿਉ ਦਾ ਸਭ ਹਾਲ ਮਾਈ ਨੇ ਸੁਣਾਇਆ ਹੈ ਕਿ ਤੇਰੇ ਵਡੇ ਉਸ ਗੁਰੂ ਘਰ ਦੇ ਨਿਮਕ ਦੇ ਪਲੇ ਹੋਏ ਸਨ। ਸੋ ਮੈਂ ਆਪ ਦਾ ਦੀਦਾਰ ਕਰਕੇ ਪਾਕ ਹੋ ਗਿਆ ਹਾਂ। ਗੁਰੂ ਜੀ ਨੇ ਉਸ ਨੂੰ ਪੰਜ ਮੋਹਰਾਂ ਦੇਕੇ ਆਖਿਆ ਹੱਛਾ ਤੂੰ ਰੋਜ਼ ਆਇਆ ਕਰ। ਗੁਲ ਖਾਂ ਬੜਾ ਪ੍ਰਸੰਨ ਹੋਇਆ ਤੇ ਖੁਸ਼ੀ ਖੁਸ਼ੀ ਆਪਣੀ ਮਾਂ ਪਾਸ ਗਿਆ ਜਾਕੇ ਪੰਜ ਮੋਹਰਾਂ ਦਿਤੀਆਂ ਤੇ ਆਖਿਆ ਪੀਰ ਜੀ ਨੇ ਰੋਜ਼ ਆਉਣ ਵਾਸਤੇ ਕਿਹਾ ਹੈ, ਉਸ ਦੀ ਮਾਈ ਬੜੀ ਰਾਜ਼ੀ ਹੋਈ। ਏਧਰ ਸਿੰਘ ਦੇਖਕੇ ਬੜੇ ਹੈਰਾਨ ਹੋਏ ਕਿ ਏਹ ਕੀ ਗੱਲ ਹੈ? ਗੁਰੂ ਜੀ ਨੇ ਆਉਂਦੇ ਨੂੰ ਪੰਜ ਮੋਹਰਾਂ ਦੇ ਦਿਤੀਆਂ ਹਨ ਤੇ ਨਾਲੇ ਹੁਕਮ ਦਿਤਾ ਹੈ ਕਿ ਰੋਜ਼ ਆਇਆ ਕਰ, ਪਹਿਲਾਂ ਆਖਿਆ ਸੀ ਕਿ ਆ ਪਹੁੰਚਾ ਹੈਂ ! ਅਸੀਂ ਉਡੀਕ ਹੀ ਰਹੇ ਸਾਂ। ਇਸ ਭੇਤ ਦਾ ਪਤਾ ਨਹੀਂ ਲਗਾ। ਦੂਜੇ ਦਿਨ ਫੇਰ ਓਹ ਪਠਾਣੇ ਪੁਤ੍ਰ ਆਇਆ ਤੇ ਅਦਬ ਨਾਲ ਝੁਕਕੇ ਸਲਾਮ ਕੀਤੀ ਤੇ ਗੁਰੂ ਜੀ ਨੇ ਉਸ ਨੂੰ ਆਦਰ ਨਾਲ ਪਾਸ ਬਠਾਇਆ, ਗੁਰੂ ਜੀ ਨੇ ਗੱਲਾਂ ਬਾਤਾਂ ਵਿਚ ਚੌਪੜਬਾਜ਼ੀ ਦੀ ਗੱਲ ਤੋਰ ਦਿਤੀ। ਓਹ ਪਠਾਣ ਕਹਿਣ ਲਗਾ ਪੀਰ ਜੀ ! ਮੈਂ ਚੌਪੜਬਾਜ਼ੀ ਬਹੁਤ ਹੀ

Sri Satguru Jagjit Singh Ji Elibrary NamdhariElibrary@gmail.com

ਅੱਛੀ ਜਾਣਦਾ ਹਾਂ, ਜਿਸ ਦਿਨ ਦੀ ਮੈਨੂੰ ਪੱਕੀ ਜਾਚ ਆਈ ਹੈ ਮੈਂ ਕਦੇ ਨਹੀਂ ਹਾਰ ਖਾਧੀ। ਗੁਰੂ ਜੀ ਨੇ ਸਿੰਘਾਂ ਨੂੰ ਹੁਕਮ ਦੇਕੇ ਚੌਪੜ ਮੰਗਵਾਈ ਤੇ ਪਠਾਣ ਨਾਲ ਦੋ ਤਿੰਨ ਬਾਜੀਆਂ ਖੇਡੀਆਂ ਗੁਰੂ ਜੀ ਹੀ ਜਿੱਤਦੇ ਰਹੇ।ਪਠਾਣ ਕੁਝ ਉਦਾਸ ਜਿਹਾ ਹੋ ਗਿਆ। ਗੁਰੂ ਜੀ ਬੋਲੇ ਬਈ ਉਦਾਸ ਨਾ ਹੋ ਏਹ ਖੇਲ ਹੈ ਮਗਰ ਅਸੀਂ ਸਮਝ ਗਏ ਹਾਂ ਕਿ ਤੂੰ ਇਸ ਕੰਮ ਵਿਚ ਬਹੁਤ ਸਿਆਣਾ ਹੈਂ। ਹੱਛਾ! ਤੁਸੀਂ ਪਾਤਸ਼ਾਹੀ ਨੌਕਰੀ ਕਦੋਂ ਤੋਂ ਕਰਦੇ ਰਹੇ ਹੋ? ਪਠਾਣ ਪੁਤ੍ਰ ਬੋਲਿਆ ਪੀਰ ਜੀ! ਮੈਨੂੰ ਤਾਂ ਕੋਈ ਪਤਾ ਨਹੀਂ ਜੋ ਮੇਰੀ ਮਾਂ ਨੇ ਦਸਿਆ ਹੈ ਸੋ ਏਹ ਹੈ ਕਿ ਮੇਰੇ ਦਾਦੇ ਨੂੰ ਤੁਹਾਡੇ ਦਾਦੇ ਪੀਰ ਜੀ ਨੇ ਪਾਲਿਆ ਸੀ ਤੇ ਸਦਾ ਹੀ ਕੋਲ ਰਖਦੇ ਸਨ ਫਿਰ ਕਿਸੇ ਕਾਰਨ ਕਰਕੇ ਮੇਰੇ ਦਾਦੇ ਦਾ ਪੀਰ ਜੀ ਨਾਲ ਵਿਗਾੜ ਹੋਗਿਆ, ਤਾਂ ਓਹ ਪਾਤਸ਼ਾਹ ਨਾਲ ਜਾ ਮਿਲਿਆ ਫੇਰ ਓਹ ਲੜਾਈ ਵਿਚ ਤੁਹਾਡੇ ਦਾਦੇ ਪੀਰ ਜੀ ਦੇ ਹਥੋਂ ਮਾਰਿਆ ਗਿਆ। ਫੇਰ ਮੇਰਾ ਬਾਪ ਪਾਤਸ਼ਾਹ ਪਾਸ ਨੌਕਰੀ ਕਰਦਾ ਰਿਹਾ ਓਹ ਭੀ ਲੜਾਈ ਵਿਚ ਤੁਹਾਡੇ ਹਥੋਂ ਮਾਰਿਆ ਗਿਆ, ਫੇਰ ਮੈਂ ਪਾਤਸ਼ਾਹ ਪਾਸ ਨੌਕਰ ਹੋਇਆ। ਏਹ ਬਾਕੀ ਗਲਾਂ ਵਿਚੇ ਹੀ ਛਡਕੇ ਗੁਰੂ ਜੀ ਨੇ ਪਠਾਣ ਪੁਤ੍ਰ ਨੂੰ ਪੰਜ ਮੋਹਰਾਂ ਦੇਕੇ ਆਖਿਆ 'ਹਛਾ ਹੁਣ ਜਾ! ਕਲ ਫੇਰ ਆਵੀਂ।' ਸਿੰਘਾਂ ਨੇ ਆਪੋ ਵਿਚ ਗਲਾਂ ਕੀਤੀਆਂ ਕਿ ਗੁਰੂ ਜੀ ਦੀ ਗਤੀ ਦਾ ਕੁਝ ਪਤਾ ਨਹੀਂ ਲਗਦਾ ਦੇਖੋ ਜਿਸ ਦੇ ਪਿਓ ਦਾਦੇ ਨੂੰ ਮਾਰਿਆ ਹੋਇਆ ਹੈ ਉਸ ਵੈਰੀ ਪਠਾਣ ਪੁਤ੍ਰ ਨੂੰ ਆਦਰ ਨਾਲ ਬਠਾਲਕੇ ਉਸ ਨਾਲ ਚੌਪੜ ਖੇਡਦੇ ਹਨ ਤੇ ਨਾਲੇ ਪੰਜ ਮੋਹਰਾਂ ਰੋਜ ਦਿੰਦੇ ਹਨ। ਏਹ ਵਿਚਾਰ ਕਰਦਿਆਂ ਨੇ ਅੰਤ ਗੁਰੂ ਜੀ ਨੂੰ ਆਣਕੇ ਪੁਛਿਆ 'ਮਹਾਰਾਜ! ਤੁਸੀਂ ਕੀਹ ਬੇਪਰਵਾਹੀ ਦੀਆਂ ਗਲਾਂ ਕਰਦੇ ਹੋ? ਇਸ ਦੁਸ਼ਮਨ

Sri Satguru Jagjit Singh Ji Elibrary NamdhariElibrary@gmail.com

ਪਠਾਣ ਪੁਤ੍ਰ ਨਾਲ ਇਤਨਾ ਸਨੇਹ ਵਧਾ ਲਿਆ ਹੈ ?' ਗੁਰੂ ਜੀ ਨੇ ਹੱਸਕੇ ਆਖਿਆ 'ਖਾਲਸਾ ਜੀ! ਸਾਡਾ ਇਸ ਨਾਲ ਵਡਾ ਭਾਰੀ ਕੰਮ ਹੈ। ਅਸੀਂ ਇਸੇ ਨੂੰ ਉਡੀਕ ਰਹੇ ਸਾਂ ਸੋ ਆਪੇ ਤੁਹਾਨੂੰ ਉਸ ਕੰਮਦਾ ਪਤਾ ਲਗ ਜਾਵੇਗਾ।' ਸਿੰਘ ਸੁਣਕੇ ਚੁਪ ਕਰ ਗਏ। ਕੁਝ ਚਿਰ ਚੁਪ ਕਰਕੇ ਫੇਰ ਸਿੰਘਾਂ ਨੇ ਆਖਿਆ 'ਸੱਚੇ ਪਾਤਸ਼ਾਹ ਆਪ ਨੀਤੀ ਨੂੰ ਚੰਗੀ ਤਰਾਂ ਜਾਨਦੇ ਹੋ ਤੁਹਾਥੋਂ ਕੋਈ ਗਲ ਗੁਝੀ ਨਹੀਂ ਨੀਤੀ ਕਹਿੰਦੀ ਹੈ ਕਿ:—

'ਦੁਸ਼ਮਨ ਹੋਕੇ ਜੋ ਕਰੇ ਮਿਤ੍ਰਾਈ ਦੀ ਬਾਤ॥
ਤਿਸੇ ਵਿਸਾਹੁ ਨਾ ਕੀਜੀਏ ਅੰਤ ਕਰੂ ਵੋਹ ਘਾਤ॥'

ਸੋ ਪੈਂਦੇ ਖਾਂ ਇਸ ਦੇ ਦਾਦੇ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਰਿਆ ਤੇ ਇਸ ਦੇ ਪਿਓ ਸੈਦੇ ਖਾਂ ਨੂੰ ਤੁਸਾਂ ਮਾਰਿਆ, ਸੋ ਏਹ ਪਠਾਨ ਜਾਤੀ ਸਤ ਪੀੜ੍ਹੀਆਂ ਵੈਰ ਨਹੀਂ ਗਵਾਉਂਦੀ ਤੇ ਤੁਸੀਂ ਇਸ ਨੂੰ ਮੂੰਹ ਲਾ ਲਿਆ ਹੈ ਸੋ ਅਸੀਂ ਤਾਂ ਆਪ ਨੂੰ ਕੁਝ ਨਹੀਂ ਕਹਿ ਸਕਦੇ, ਆਪ ਮਾਲਕ ਹੋ। ਗੁਰੂ ਜੀ ਫੇਰ ਹੱਸਕੇ ਕਹਿਣ ਲਗੇ ਖਾਲਸਾ ਜੀ! ਜਦ ਅਸੀਂ ਇਸ ਪਾਸੋਂ ਇਕ ਕੰਮ ਲੈਣਾ ਹੋਇਆ, ਜੇ ਅਸੀਂ ਇਸ ਨੂੰ ਮੂੰਹ ਨਾ ਲਾਈਏ ਤਾਂ ਏਹ ਓਹ ਕੰਮ ਕਿਸਤਰਾਂ ਕਰੇਗਾ ? ਸਿੰਘਾਂ ਨੇ ਪੁਛਿਆ 'ਸੱਚੇ ਪਾਤਸ਼ਾਹ! ਅਜੇਹਾ ਕੀ ਕੰਮ ਹੈ, ਜੋ ਇਸ ਤੋਂ ਸਵਾ ਅਸੀਂ ਨਹੀਂ ਕਰ ਸਕਦੇ ?' ਗੁਰੂ ਜੀ ਬੋਲੇ 'ਹਾਂ ਤੁਸੀਂ ਨਹੀਂ ਕਰ ਸਕਦੇ।' ਏਧਰ ਹਰ ਰੋਜ਼ ਹੀ ਓਹ ਪਠਾਨ ਆਉਂਦਾ ਤੇ ਗੁਰੂ ਜੀ ਨਾਲ ਚੌਪੜ ਖੇਡਦਾ ਤੇ ਪੰਜ ਮੋਹਰਾਂ ਰੋਜ਼ ਲੈ ਜਾਂਦਾ, ਸਿੰਘ ਰੋਜ਼ ਹੀ ਖਿਝਦੇ ਰਹਿੰਦੇ। ਗੁਰੂ ਜੀ ਦਾ ਦੀਵਾਨ ਸਜਿਆ ਹੋਇਆ ਸੀ ਤੇ ਪਠਾਣ ਪੁਤ੍ਰ ਨਾਲ ਚੌਪੜ ਖੇਡ ਰਹੇ ਸਨ, ਉਸੇ ਵੇਲੇ ਮਾਲੀਪੁਰ ਦੇ ਰਹਿਣ ਵਾਲੇ ਦੋ ਸਿਖ ਆਏ ਓਹਨਾਂ ਨੇ ਦੋ ਜਮੱਧਰਾਂ (ਕਟਾਰ)

ਫੁਲਾਦੀ ਗੁਰੂ ਜੀ ਅਗੇ ਭੇਟ ਰਖਕੇ ਮਥਾ ਟੇਕਿਆ ਗੁਰੂ ਜੀ ਨੇ ਓਹਨਾਂ ਤੇ ਕਿਰਪਾ ਦੀ ਦ੍ਰਿਸ਼ਟੀ ਫੇਰੀ । ਗੁਰੂ ਜੀ ਨੇ ਇਕੋ ਕਟਾਰ ਚੁਕਕੇ ਗੁਲ ਖਾਂ ਦੇ ਹੱਥ ਦਿਤੀ ਤੇ ਆਖਿਆ ਵੇਖੋ! ਗੁਲ ਖਾਂ! ਅਜੇਹੀ ਜਮੱਧਰ ਤੇਰੇ ਹੱਥ ਵਿਚ ਹੋਵੇ ਤੇ ਸਾਹਮਣੇ ਤੈਨੂੰ ਤੇਰਾ ਦੁਸ਼ਮਨ ਮਿਲ ਜਾਵੇ ਤਾਂ ਤੂੰ ਚਲਾਵੇਂ ਕਿ ਨਾ ? ਉਹ ਪਠਾਣ ਪੁਤ੍ਰ ਕਹਿਣ ਲਗਾ ਕਿ ਪੀਰ ਜੀ! ਇਹ ਕਟਾਰ ਬਹੁਤ ਉਮਦਾ ਹੈ ਮੈਂ ਤਾਂ ਕਦੀ ਇਕ ਕਦਮ ਨਾ ਦੁਸ਼ਮਨ ਨੂੰ ਹਿਲਣ ਦਿਆਂ, ਇਸ ਕਟਾਰ ਦਾ ਇਕੋ ਵਾਰ ਹੀ ਦੁਸ਼ਮਨ ਤੇ ਕਾਫੀ ਹੈ। ਗੁਰੂ ਜੀ ਹੱਸ ਪਏ । ਗੁਰੂ ਜੀ ਨੇ ਆਖਿਆ ਗੁਲ ਖਾਂ ਏਹ ਕਟਾਰ ਤੂੰ ਸਦਾ ਹੀ ਆਪਣੇ ਖ਼ਾਸ ਰਖਿਆ ਕਰ ਤੇ ਇਕ ਅਸੀਂ ਰੱਖ ਲੈਂਦੇ ਹਾਂ । ਹੁਣ ਫੇਰ ਗੁਰੂ ਜੀ ਚੋਪੜ ਖੇਡਣ ਵਿਚ ਲਗ ਪਏ, ਜਦ ਨਰਦਾਂ ਸੁਟੀਆਂ ਤਾਂ ਆਖਿਆ ਕਿ ਜਮੱਧਰ ਪਾਸ ਹੋਵੇ ਤੇ ਦੁਸ਼ਮਨ ਸਾਹਮਣੇ ਹੋਵੇ ਫੇਰ ਸੂਰਮਾਂ ਪਿਓ ਦਾਦੇ ਦਾ ਵੈਰ ਨਾ ਲਵੇ ਤਾਂ ਉਸ ਦੇ ਜੰਮਣ ਨੂੰ ਥੂ ਹੈ । ਪਠਾਣ ਪੁਤ੍ਰ ਏਹ ਸੁਣਕੇ ਕੁਝ ਚੁਪ ਕਰ ਗਿਆ । ਜਦ ਫੇਰ ਗੁਰੂ ਜੀ ਨੇ ਨਰਦ ਸੁਟੀ ਤੇ ਫੇਰ ਆਖਿਆ ਜਮੱਧਰ ਪਾਸ ਹੋਵੇ, ਦੁਸ਼ਮਨ ਸਾਹਮਣੇ ਹੋਵੇ ਤੇ ਫੇਰ ਜੇਹੜਾ ਸੂਰਮਾਂ ਪਿਓ ਦਾਦੇ ਦਾ ਵੈਰ ਨਾ ਲਵੇ ਤਾਂ ਉਸ ਦੇ ਜੰਮਣ ਨੂੰ ਲਾਨ੍ਹਤ ਹੈ । ਤਦ ਪਠਾਨ ਪੁਤ੍ਰ ਬੋਲਿਆ ਠੀਕ ਹੈ ਪੀਰ ਜੀ! ਠੀਕ ਹੈ । ਜਦ ਦੋ ਚਾਰ ਬਾਜੀਆਂ ਖੇਡਕੇ ਹਟ ਗਏ ਤਾਂ ਚੋਪੜ ਕਠੀ ਕਰ ਲਈ ਤੇ ਫੇਰ ਆਖਿਆ ਅਫਸੋਸ ਹੈ ਜਮੱਧਰ ਹੱਥ ਵਿਚ ਹੋਵੇ, ਵੈਰੀ ਸਾਹਮਣੇ ਹੋਵੇ, ਪਠਾਣ ਪੁਤ੍ਰ ਹੋਵੇ ਤਾਂ ਪਿਉ ਦਾਦੇ ਦਾ ਬਦਲਾ ਨਾ ਲਵੇ, ਉਸ ਦੇ ਜੰਮਣ ਨੂੰ ਫਿੱਟੇ ਮੂੰਹ ਹੁਣ ਗੁਰੂ ਜੀ ਨੇ ਪੰਜ ਮੋਹਰਾਂ ਕੱਢਕੇ ਦਿਤੀਆਂ ਅਤੇ ਆਖਿਆ ਜਾਓ । ਪਠਾਣ ਪੁਤ੍ਰ ਸੱਪ ਵਾਂਗੂੰ ਵਿਹੁ ਘੋਲਦਾ ਹੋਇਆ ਘਰ

ਨੂੰ ਗਿਆ, ਲਾਲ ਅੱਖਾਂ ਤੇ ਗੁਸੇ ਦੇ ਭਰੇ ਹੋਏ ਨੇ ਮਾਂ ਨੂੰ ਜਾਕੇ ਮੋਹਰਾਂ ਦਿਤੀਆਂ ਮਾਂ ਨੇ ਪੁਛਿਆ ਪੁਤ੍ਰ ! ਅਜ ਕੀ ਗੱਲ ਹੈ ਜਿਨ ਤੇਰੀ ਏਹ ਹਾਲਤ ਹੈ ? ਉਸ ਨੇ ਅੱਖਾਂ ਵਿਚ ਪਾਣੀ ਭਰਕੇ ਮਾਂ ਨੂੰ ਆਖਿਆ ਕਿ ਅਜ ਏਹ ਗੱਲਾਂ ਪੀਰ ਜੀ ਨੇ ਕਹੀਆਂ ਹਨ ਕਿ "ਜਮੱਧਰ ਹੱਥ ਵਿਚ ਹੋਵੇ, ਵੈਰੀ ਸਾਹਮਣੇ ਹੋਵੇ, ਪਠਾਣ ਪੁਤ੍ਰ ਹੋਵੇ, ਜੇ ਵੈਰ ਆਪਣੇ ਪਿਓ ਦਾਦੇ ਦਾ ਬਦਲਾ ਨਾ ਲਵੇ ਤਾਂ ਉਸਦੇ ਜੰਮਣ ਨੂੰ ਥੂਹ ਹੈ, ਉਸਦੇ ਜੰਮਣ ਨੂੰ ਲਾਨ੍ਹਤ ਹੈ, ਉਸਦੇ ਜੰਮਣ ਨੂੰ ਫਿੱਟੇ ਮੂੰਹ।" ਹੁਣ ਤੂੰ ਦਸ ਮੈਂ ਕੀ ਕਰਾਂ? ਉਸਦੀ ਮਾਂ ਨੇ ਆਖਿਆ "ਪੁਤ੍ਰ ! ਤੂੰ ਚੁਪ ਰਹੀਂ ਜੋ ਜੋ ਪੀਰ ਜੀ ਆਖੀ ਜਾਣ ਤੂੰ ਅਗੋਂ ਹਸਦਾ ਰਹੀਂ, ਵੇਖ ਤੈਨੂੰ ਗੁਰੂ ਜੀ ਨੇ ਆਪਣੇ ਪਾਸ ਰਖ ਲਿਆ ਹੈ ਤੇ ਪੰਜ ਮੋਹਰਾਂ ਰੋਜ ਦਿੰਦੇ ਹਨ, ਇਤਨੇ ਪੈਸੇ ਪਾਤਸ਼ਾਹ ਭੀ ਕਿਸੇ ਨੂੰ ਨਹੀਂ ਦੇ ਸਕਦਾ, ਤੇ ਅਸੀਂ ਥੋੜ੍ਹੇ ਚਿਰ ਵਿਚ ਹੀ ਅਮੀਰ ਬਣ ਜਾਵਾਂਗੇ, ਤੂੰ ਕਿਧਰੇ ਬੋਲੀਆਂ ਵਜਣ ਕਰਕੇ ਗੁਸੇ ਵਿਚ ਨਾ ਆ ਜਾਵੀਂ, ਤੇ ਕੋਈ ਗਲ ਮੂੰਹੋਂ ਨਾ ਕਢ ਦੇਵੀਂ, ਨਹੀਂ ਤਾਂ ਉਹਨਾਂ ਦੇ ਸਿਖ ਹੀ ਤੈਨੂੰ ਮਾਰ ਦੇਣਗੇ, ਤੂੰ ਸਦਾ ਹੀ ਪੀਰ ਜੀ ਅਗੇ ਨਿਊਂਕੇ ਰਹੀਂ।" ਜਦ ਉਸ ਦੀ ਮਾਂ ਨੇ ਸਮਝਾਕੇ ਠੰਡਿਆਂ ਕੀਤਾ ਤਾਂ ਪਠਾਣ ਪੁਤ੍ਰ ਸੋਚੀਂ ਪੈ ਗਿਆ।

## ਵੈਰਾਗ ਉਪਦੇਸ਼

ਅਗਲੇ ਦਿਨ ਗੁਰੂ ਜੀ ਨੇ ਸੌਚ ਇਸ਼ਨਾਨ ਕਰਕੇ ਸ਼ਸਤ੍ਰ ਬਸਤ੍ਰ ਸਜਾਕੇ ਦੀਵਾਨ ਲਗਾਇਆ, ਤੇ ਸਿੰਘਾਂ ਨੂੰ ਉਪਦੇਸ਼ ਦਿੰਦੇ ਰਹੇ, ਕਿ ਇਹ ਸਰੀਰ ਨਾਸ਼ ਵੰਤ ਹੈ, ਆਤਮਾ ਸਦਾ ਹੀ ਅਜਰ ਅਮਰ ਤੇ ਵਿਆਪਕ ਹੈ ਜੋ ਸਿਖ ਸੇਵਕ ਆਪਣੇ ਸਤਿਗੁਰੂ ਦੇ ਸਰੀਰ ਤਿਆਗ ਜਾਣ ਦੇ ਮਗਰੋਂ ਸਮਝ ਲੈਂਦੇ ਹਨ, ਕਿ ਗੁਰੂ

Sri Satguru Jagjit Singh Ji Elibrary NamdhariElibrary@gmail.com

ਜੀ ਮਰ ਗਏ ਹਨ। ਓਹ ਸਿਖ ਸੇਵਕ ਕਦੀ ਕਲਯਾਣ ਨੂੰ ਪ੍ਰਾਪਤ ਨਹੀਂ ਕਰ ਸਕਦੇ। ਗੁਰੂ ਸਦਾ ਹੀ ਹਾਜ਼ਰ ਨਾਜ਼ਰ ਹਨ। ਜੋ ਸ੍ਰੀ ਗੁਰੂ ਨਾਨਕ ਜੀ ਤੋਂ ਲੈਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਸਰੀਰ ਤਿਆਗਕੇ ਨਿਰਲੇਪ ਹੋ ਗਏ ਹਨ, ਸੋ ਸਭ ਤੁਹਾਡੇ ਪਾਸ ਹਰ ਵਕਤ ਹਾਜ਼ਰ ਨਾਜ਼ਰ ਹਨ। ਅਗਿਆਨੀ ਜੀਵ ਓਹਨਾਂ ਨੂੰ ਸਮਾ ਗਏ ਹੋਏ ਕਹਿੰਦੇ ਹਨ। ਇਸਤਰਾਂ ਦੇ ਉਪਦੇਸ਼ ਗੁਰੂ ਜੀ ਸੁਣਾਉਂਦੇ ਰਹੇ। ਪਿਛਲੇ ਪਹਿਰ ਰਹਿਰਾਸ ਦੇ ਭੋਗ ਦੇ ਪਿਛੋਂ ਗੁਰੂ ਜੀ ਦੀਵਾਨ ਵਿਚ ਬੈਠੇ ਸਨ ਤਾਂ ਪਠਾਣ ਪੁਤ੍ਰ ਆਇਆ ਗੁਰੂ ਜੀ ਨੂੰ ਅਦਬ ਨਾਲ ਸਲਾਮ ਕਰਕੇ ਬੈਠ ਗਿਆ। ਗੁਰੂ ਜੀ ਕਹਿਣ ਲਗੇ ਕਿ ਪਠਾਣਾਂ ਦੀ ਜਾਤ ਬੜੀ ਅਣਖ ਵਾਲੀ ਤੇ ਸੂਰਬੀਰ ਹੁੰਦੀ ਹੈ, ਪਠਾਣ ਪੁਤ੍ਰ ਸਤ ਪੀੜੀਆਂ ਵੈਰ ਨਹੀਂ ਗਵਾਉਂਦਾ ਅਸਲ ਪਠਾਣ ਦਾ ਪੁਤ੍ਰ ਓਹੀਓ ਹੀ ਹੁੰਦਾ ਹੈ ਜੇਹੜਾ ਆਪਣੇ ਵੈਰੀ ਪਾਸੋਂ ਬਦਲਾ ਲੈਕੇ ਛਡੇ ਨਹੀਂ ਤਾਂ ਕੁਤੀ ਸੂਆ ਜਗਤ ਵਿਚ ਥੋੜਾ ਹੈ? ਸੋ ਪਠਾਣ ਪੁਤ੍ਰ ਆਪਣੀ ਕੁਲ ਨੂੰ ਲਾਜ ਨਹੀਂ ਲਗਣ ਦਿੰਦਾ। ਅਜੇਹੀਆਂ ਗੱਲਾਂ ਕਰਦਿਆਂ ਹੋਇਆਂ ਗੁਰੂ ਜੀ ਨੇ ਚੋਪੜ ਵਿਛਾਕੇ ਖੇਡਣਾ ਸ਼ੁਰੂ ਕੀਤਾ, ਜਦ ਨਰਦ ਸੁਟੀ ਤਾਂ ਗੁਰੂ ਜੀ ਨੇ ਉਸੇ ਤਰਾਂ ਆਖਿਆ ਕਿ ਜੇਹੜਾ ਆਪਣੇ ਪਿਓ ਦਾਦੇ ਦਾ ਬਦਲਾ ਨਾ ਲਵੇ ਉਸ ਦੇ ਜੰਮਣ ਨੂੰ ਹੀ ਲਾਨਤ ਹੈ। ਹੁਣ ਓਹ ਪਠਾਣ ਪੁਤ੍ਰ ਮਨ ਵਿਚ ਵਿਹੁ ਘੋਲਣ ਲਗਾ।

## ਪਠਾਣ ਨੇ ਗੁਰੂ ਦਸਮੇਸ਼ ਜੀ ਤੇ ਵਾਰ ਕਰਨਾ

ਜਦ ਫੇਰ ਗੁਰੂ ਜੀ ਨੇ ਨਰਦ ਸੁਟੀ ਤਾਂ ਆਖਿਆ ਅਫਸੋਸ ਹੱਥ ਵਿਚ ਸ਼ਸਤ੍ਰ ਹੋਵੇ, ਦੁਸ਼ਮਨ ਸਾਹਮਣੇ ਹੋਵੇ ਤਾਂ ਸੂਰਮੇ ਦਾ ਪੁਤ੍ਰ ਬਦਲਾ ਨਾ ਲਵੇ ਉਸ ਦੇ ਜੰਮਣ ਨੂੰ ਫਿਟੇ ਮੂੰਹ ਕਹਿਕੇ,

ਗੁਰੂ ਜੀ ਨੇ ਅੱਖਾਂ ਮੀਟ ਲਈਆਂ ਤੇ ਝੋਕਾਂ ਲਾਉਣ ਲਗੇ। ਹੁਣ ਗੁਲ ਖਾਂ ਦੀ ਨੀਯਤ ਫਿਰ ਗਈ ਤੇ ਵਾਰ ਕਰਨ ਵਾਸਤੇ ਇਧਰ ਉਧਰ ਨਿਗਾਹ ਫੇਰੀ, ਮਗਰ ਪਾਸ ਸਿੰਘ ਬੈਠੇ ਦੇਖੇ। ਪਠਾਣ ਪੁਤ੍ਰ ਦਿਲ ਵਿਚ ਕਸੀਸ ਵਟਨ ਲਗਾ ਕਿ ਅਜ ਤਾਂ ਮੈਂ ਜ਼ਰੂਰ ਹੀ ਵਾਰ ਕਰਨਾ ਹੈ ਮਗਰ ਸਿੱਖ ਪਾਸ ਨਾ ਹੋਣ ਤਾਂ ਚੰਗਾ ਹੈ। ਗੁਰੂ ਜੀ ਨੇ ਚੌਪਟ ਕਠਾ ਕਰ ਲਿਆ ਤੇ ਸਭਨਾਂ ਸਿੰਘਾਂ ਨੂੰ ਅਰਾਮ ਕਰਨ ਲਈ ਆਖਿਆ। ਉਸ ਪਠਾਣ ਪੁਤ੍ਰ ਨੂੰ ਪਾਸ ਹੀ ਬਿਠਾਈ ਰੱਖਿਆ ਅਤੇ ਗੁਰੂ ਜੀ ਗੱਲਾਂ ਕਰਦੇ ਕਰਦੇ ਤੰਬੂ ਵਿਚ ਚਲੇ ਗਏ, ਪਠਾਣ ਪੁਤ੍ਰ ਨੇ ਘਰ ਜਾਣ ਦੀ ਇਜਾਜ਼ਤ ਮੰਗੀ। ਗੁਰੂ ਜੀ ਨੇ ਆਖਿਆ ਕਿ ਸੂਰਮੇ ਨੂੰ ਦੁਸ਼ਮਨ ਕਲਾ ਮਿਲ ਪਵੇ ਤੇ ਫੇਰ ਨਾ ਬਦਲਾ ਲਵੇ ਤਾਂ ਉਸ ਦੇ ਜੰਮਣ ਨੂੰ ਫਿੱਟੇ ਮੂੰਹ। ਇਹ ਆਖਕੇ ਗੁਰੂ ਜੀ ਪਲੰਘ ਤੇ ਬੈਠਕੇ ਝੋਕ ਲਾਉਣ ਲਗ ਗਏ ਤਦ ਪਠਾਣ ਗੁਲ ਖਾਂ ਨੇ ਜਮੱਧਰ ਨੂੰ ਫੜਿਆ ਤੇ ਆਸ ਪਾਸ ਵਲ ਦੇਖਣ ਲਗਾ। ਗੁਰੂ ਜੀ ਨੇ ਅੱਖਾਂ ਖੋਹਲਕੇ ਆਖਿਆ ਪਠਾਣ ਪੁਤ੍ਰ! ਵੇਲਾ ਚੁਕ ਗਿਆ ਤਾਂ ਹਥ ਨਹੀਂ ਆਉਣਾ, ਏਹ ਕਹਿਕੇ ਫੇਰ ਅਖਾਂ ਮੀਟ ਲਈਆਂ ਤਦ ਉਸ ਪਠਾਣ ਨੇ ਗੁਸੇ ਵਿਚ ਜਮਧਰ ਚਲਾਈ ਗੁਰੂ ਜੀ ਦੇ ਸ੍ਰੀਰ ਨੂੰ ਭਾਰੀ ਜ਼ਖਮ ਆਇਆ ਗੁਲ ਖਾਂ ਨੱਠਣ ਲਗਾ ਤਾਂ ਗੁਰੂ ਜੀ ਬੋਲੇ ਓ ਕਾਇਰ ਬਣ ਕੇ ਦੋਜ਼ਕ ਨੂੰ ਜਾਣਾ ਹਈ, ਏਹ ਕਹਿਕੇ ਗੁਰੂ ਜੀ ਨੇ ਤਲਵਾਰ ਚਲਾਈ ਤੇ ਦੋ ਟੋਟੇ ਕਰਕੇ ਸੁਟ ਦਿੱਤਾ। ਉਸ ਦੀ ਅਵਾਜ਼ ਸੁਣਕੇ ਸਿੰਘ ਬਾਹਰੋਂ ਦੌੜੇ ਆਏ ਆਕੇ ਗੁਲ ਖਾਂ ਨੂੰ ਕਟਿਆ ਹੋਇਆ ਡਿੱਠਾ। ਜਦ ਭਾਈ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੇ ਕਪੜੇ ਲਹੂ ਨਾਲ ਭਿਜਦੇ ਦੇਖੇ ਤਾਂ ਪਤਾ ਲਗਾ ਕਿ ਪਠਾਣ ਨੇ ਵਾਰ ਕੀਤਾ ਹੈ। ਸਿੰਘ ਕਹਿਣ ਲਗੇ ਕਿ ਮਹਾਰਾਜ

Sri Satguru Jagjit Singh Ji Elibrary NamdhariElibrary@gmail.com

ਤੁਸੀਂ ਤਾਂ ਸਾਨੂੰ ਕਹਿੰਦੇ ਹੁੰਦੇ ਸੀ ਕਿ ਤੁਰਕ ਦਾ ਵਿਸਾਹ ਨਹੀਂ ਕਰਨਾ ਹੁਣ ਆਪਨੇ ਏਹ ਭਾਣਾ ਕਿਉਂ ਵਰਤਾਇਆ ਹੈ? ਕਈ ਗਿਆਨੀ ਸਿੰਘ ਬੋਲੇ ਕਿ ਅਸੀਂ ਤਿੰਨ ਚਾਰ ਦਿਨ ਤੋਂ ਹੀ ਦੇਖ ਸੁਣ ਰਹੇ ਸਾਂ ਕਿ ਗੁਰੂ ਜੀ ਇਸ ਨੂੰ ਭਖਾ ਭਖਾ ਕੇ ਆਪਣੇ ਉਤੇ ਵਾਰ ਕਰਵਾਉਣਾ ਚਾਹੁੰਦੇ ਹਨ। ਸੋ ਏਹਨਾਂ ਸਤਿਗੁਰਾਂ ਦੀ ਗਤੀ ਨੂੰ ਏਹੋ ਹੀ ਜਾਨਣ ਅਸੀਂ ਅਲਪਗ ਜੀਵ ਕੀ ਜਾਣ ਸਕਦੇ ਹਾਂ। ਉਸੇ ਵੇਲੇ ਸਿੰਘ ਘੋੜੇ ਦੁੜਾਕੇ ਬਹਾਦਰ ਸ਼ਾਹ ਵਲ ਤੁਰ ਪਏ ਦਿਨ ਚੜ੍ਹਦੇ ਨਾਲ ਬਹਾਦਰਸ਼ਾਹ ਨੂੰ ਸਾਰੀ ਗਲ ਜਾ ਸੁਣਾਈ ਬਹਾਦਰ ਸ਼ਾਹ ਨੇ ਜਰਾਹ (ਡਾਕਟਰ) ਸਦਵਾਕੇ ਭੇਜੇ ਉਹਨਾਂ ਨੇ ਆਣ ਕੇ ਜ਼ਖਮ ਸੀਤਾ ਤੇ ਮਲ੍ਹਮ ਪਟੀ ਕੀਤੀ, ਉਸੇ ਵੇਲੇ ਬਹਾਦਰ ਸ਼ਾਹ ਦੀ ਚਿੱਠੀ ਆ ਗਈ ਹੁਕਮ ਦਿਓ ਜੋ ਏਹਨਾਂ ਪਠਾਣਾਂ ਦੇ ਹਥ ਪੈਰ ਕਟਵਾ ਦਿਆਂ ਜਾਂ ਦਰਿਆ ਵਿਚ ਡੁਬਵਾ ਦੇਵਾਂ? ਗੁਰੂ ਜੀ ਨੇ ਉੱਤਰ ਲਿਖਿਆ ਕਿ ਪਠਾਣਾਂ ਦਾ ਕੀਹ ਕਸੂਰ ਹੈ? ਜਿਸ ਨੇ ਕੀਤਾ ਉਸ ਨੇ ਪਾ ਲੀਤਾ ਬਾਕੀ ਉਸ ਪਾਸੋਂ ਭੀ ਅਸੀਂ ਆਪਣੀ ਮਰਜ਼ੀ ਨਾਲ ਸ਼ਸਤ੍ਰ ਦਾ ਵਾਰ ਕਰਵਾਇਆ ਹੈ। ਜੇਹੜੇ ਜਰਾਹ ਪਾਤਸ਼ਾਹ ਨੇ ਭੇਜੇ ਸਨ ਉਹਨਾਂ ਨੇ ਦਵਾਈ ਨਾਲ ਬੜੀ ਜਲਦੀ ਜ਼ਖਮ ਨੂੰ ਠੀਕ ਕਰ ਦਿਤਾ ਪੰਦਰਵੇਂ ਦਿਨ ਗੁਰੂ ਜੀ ਨੂੰ ਰਾਜ਼ੀ ਬਾਜ਼ੀ ਕਰਕੇ ਇਸ਼ਨਾਨ ਕਰਵਾਇਆ ਤੇ ਸ਼ਸਤ੍ਰ ਬਸਤ੍ਰ ਪਹਿਨਾਏ। ਗੁਰੂ ਜੀ ਦੀਵਾਨ ਵਿਚ ਬੈਠੇ ਤਾਂ ਸੰਗਤਾਂ ਗੁਰੂ ਜੀ ਪਾਸ ਆਉਂਦੀਆਂ। ਗੁਰੂ ਜੀ ਨੇ ਜਰਾਹਾਂ ਨੂੰ ਬਹੁਤ ਸਾਰਾ ਧਨ ਅਤੇ ਸਿਰੋਪਾ ਦਿਤਾ। ਓਹ ਬੜੇ ਖੁਸ਼ ਹੋਕੇ ਬਹਾਦਰ ਸ਼ਾਹ ਪਾਸ ਪਹੁੰਚੇ, ਬਹਾਦਰ ਸ਼ਾਹ ਨੇ ਭੀ ਓਹਨੂੰ ਨੂੰ ਚੰਗਾ ਧਨ ਦਿਤਾ। ਤਦ, ਓਹ ਜਰਾਹ ਦਿਲੀ ਪਹੁੰਚਕੇ ਗੁਰੂ ਜੀ ਦੀ ਉਸਤਤੀ ਕਰਨ ਲਗੇ। ਗੁਰੂ ਜੀ ਦੀਵਾਨ ਵਿਖੇ ਬੈਠੇ ਸਤਿ-

Sri Satguru Jagjit Singh Ji Elibrary NamdhariElibrary@gmail.com

ਨਾਮ ਦਾ ਉਪਦੇਸ਼ ਦੇ ਰਹੇ ਸਨ, ਤੇ ਵੈਰਾਗ ਮਈ ਗਿਆਨ ਦ੍ਰਿੜਾ ਰਹੇ ਸਨ ਜਾਂ ਉਸ ਵਕਤ ਇਕ ਕਾਰੀਗਰ ਨੌਂ ਟਾਂਕ ਭਾਰ ਦਾ ਧਨਖ ਲੈ ਆਇਆ। ਗੁਰੂ ਜੀ ਧਨਖ ਨੂੰ ਦੇਖਕੇ ਬਹੁਤ ਪ੍ਰਸੰਨ ਹੋਏ, ਤੇ ਕਾਰੀਗਰ ਨੂੰ ਬਹੁਤ ਇਨਾਮ ਦਿਤਾ। ਉਸ ਰਾਤ ਨੂੰ ਦੀਪਮਾਲਾ ਦਾ ਦਿਹਾਰ ਸੀ। ਗੁਰੂ ਜੀ ਨੇ ਸਭ ਸ਼ਸਤ੍ਰ ਰੱਖਕੇ ਤੇ ਓਹ ਨੌਂ ਟਾਂਕ ਦਾ ਧਨਖ ਰਖਕੇ ਦੀਪਮਾਲਾ ਭੀ ਕਰਵਾਈ, ਅਤੇ ਕੜਾਹ ਪ੍ਰਸ਼ਾਦ ਦੀ ਖੁਲ੍ਹੀ ਦੇਗ ਵਰਤੀ।

## ਸ੍ਰੀ ਕਲਗੀਧਰ ਜੀ ਦੇ ਦੋਬਾਰਾ ਜ਼ਖਮ ਪਾਟਣੇ

ਹੁਣ ਬਹਾਦਰ ਸ਼ਾਹ ਨੇ ਕੁਝਕ ਫੌਜ ਦੇਕੇ ਦੋ ਅਮੀਰ ਗੁਰੂ ਜੀ ਦੀ ਖਬਰ ਲੈਣ ਲਈ ਭੇਜੇ ਸੋ ਝਟ ਪਟ ਚਲਦੇ ਹੋਏ ਨਦੇੜ ਪਹੁੰਚੇ, ਸੋਹਣੀ ਜਗ੍ਹਾ ਦੇਖਕੇ ਡੇਰਾ ਕੀਤਾ ਅਰ ਗੁਰੂ ਜੀ ਪਾਸ ਖਬਰ ਪਹੁੰਚਾਈ ਕਿ ਬਹਾਦੁਰ ਸ਼ਾਹ ਨੇ ਦੋ ਅਮੀਰ ਆਪਦੀ ਖਬਰ ਲੈਣ ਲਈ ਭੇਜੇ ਹਨ। ਗੁਰੂ ਜੀ ਨੇ ਹੁਕਮ ਦਿਤਾ ਕਿ ਓਹਨਾਂ ਨੂੰ ਰਸਤ ਦਾਨਾ ਘਾਸ ਪਹੁੰਚਾ ਦਿਓ। ਪਿਛਲੇ ਦੀਵਾਨ ਵਿਚ ਓਹਨਾਂ ਨੂੰ ਬੁਲਾਇਆ ਓਹ ਅਮੀਰ ਗੁਰੂ ਜੀ ਦੇ ਸ਼ਾਹੀ ਦਰਬਾਰ ਨੂੰ ਦੇਖਕੇ ਬੜੇ ਪ੍ਰਸੰਨ ਹੋਏ ਤੇ ਝੁਕਕੇ ਸਲਾਮਾਂ ਕੀਤੀਆਂ। ਗੁਰੂ ਜੀ ਨੇ ਆਦਰ ਨਾਲ ਪਾਸ ਬਿਠਾਇਆ, ਓਹਨਾਂ ਨੇ ਗੁਰੂ ਜੀ ਪਾਸੋਂ ਰਾਜੀ ਖੁਸ਼ੀ ਪੁਛੀ ਤੇ ਆਖਿਆ ਪੀਰ ਜੀ! ਜਿਸ ਵੇਲੇ ਪਾਤਸ਼ਾਹ ਨੇ ਸੁਣਿਆਂ ਸੀ ਆਪ ਉਤੇ ਪਠਾਣ ਨੇ ਵਾਰ ਕੀਤਾ ਹੈ ਤਾਂ ਸਭ ਪਠਾਣਾਂ ਨੂੰ ਸਦਵਾਕੇ ਧਮਕਾਇਆ ਓਹ ਸਭ ਕਸਮਾਂ ਖਾਕੇ ਕਹਿਣ ਲਗੇ ਕਿ ਸਾਨੂੰ ਕੋਈ ਪਤਾ ਨਹੀਂ। ਉਸ ਮੁੰਡੇ ਨੇ ਨਿਮਕਹਰਾਮੀ ਕੀਤੀ ਸੀ ਸੋ ਆਖਣੀ ਭੀ ਜਾਨ ਗੁਆ ਬੈਠਾ। ਗੁਰੂ ਜੀ ਬੋਲੇ 'ਕੋਈ ਡਰ ਨਹੀਂ! ਅਸੀਂ

ਆਪ ਇਸੇ ਵਾਰ ਕਰਵਾਉਣ ਦੀ ਖਾਤਰ ਹੀ ਉਸ ਨੂੰ ਪਾਸ ਰਖਿਆ ਸੀ। ਗੁਰੂ ਜੀ ਨੇ ਓਹਨਾਂ ਨੂੰ ਸਿਰੋਪਾਓ ਦਿਤਾ, ਓਹਨਾਂ ਦੀ ਨਿਗ੍ਹਾ ਉਸ ਨੌਟਾਂਕ ਦੀ ਕਮਾਨ ਤੇ ਪਈ, ਦੋਵੇਂ ਅਮੀਰ ਆਪੋ ਵਿਚ ਗੱਲਾਂ ਕਰਨ ਲਗੇ ਕਿ ਏਸ ਕਮਾਨ ਨੂੰ ਕੋਈ ਚਿੱਲਾ ਨਹੀਂ ਚੜ੍ਹਾ ਸਕਦਾ, ਇਤਨੀ ਤਾਕਤ ਵਾਲਾ ਸਾਨੂੰ ਕੋਈ ਨਜ਼ਰ ਨਹੀਂ ਆਉਂਦਾ। ਇਕ ਬੋਲਿਆ ਏਹ ਲੋਕ ਦਿਖਾਵਾ ਭੀ ਰਖ ਛਡਦੇ ਹਨ ਕਿ ਰੋਹਬ ਬਣਿਆਂ ਰਹੇ। ਜਦ ਇਸ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ ਤਾਂ ਜਾਣੀ ਜਾਣ ਗੁਰੂ ਜੀ ਨੇ ਓਹਨਾਂ ਦੇ ਮਨ ਦੀ ਜਾਣੀ ਤੇ ਓਹਨਾਂ ਨੂੰ ਆਖਿਆ ਕਿ ਏਹ ਦੋਨੋਂ ਧਨਖ ਦੇਖੋ ਜੋ ਏਹਨਾਂ ਨੂੰ ਕੋਈ ਸੂਰਮਾ ਚਲਾ ਸਕਦਾ ਹੈ? ਤਦ ਦੋਨੋਂ ਅਮੀਰ ਬੋਲੇ ਜੀ ਇਹਨਾਂ ਧਨਖਾਂ ਦਾ ਕੋਈ ਚਿੱਲਾ ਚੜ੍ਹਾਉਣ ਜੋਗਾ ਸਾਨੂੰ ਤਾਂ ਨਜ਼ਰ ਨਹੀਂ ਆਉਂਦਾ ਤੇ ਚਲਾਉਣੇ ਕਿਸਨੇ ਹਨ? ਤਦ ਗੁਰੂ ਜੀ ਨੇ ਦੋਹਨਾਂ ਧਨਖਾਂ ਨੂੰ ਮੁਠ ਵਿਚ ਫੜਿਆ ਤੇ ਦੂਸਰੇ ਹਥ ਨਾਲ ਚਿੱਲਾ ਖਿਚ ਕੇ ਕੰਨਾਂ ਤਕ ਲੈ ਆਂਦਾ ਬਸ ਇਸ ਜ਼ੋਰ ਨਾਲ ਗੁਰੂ ਜੀ ਦੇ ਜ਼ਖਮ ਪਾਟ ਗਏ, ਲਹੂ ਨਾਲ ਸਭੇ ਕਪੜੇ ਭਿਜ ਗਏ ਦੋਨੋਂ ਅਮੀਰ ਤੇ ਹੋਰ ਸਿੰਘ ਤ੍ਰਾਹ ਤ੍ਰਾਹ ਕਰ ਉਠੇ ਗੁਰੂ ਜੀ ਬੋਲੇ ਕੋਈ ਚਿੰਤਾ ਨਾ ਕਰੋ ਏਹ ਭੀ ਕਾਰ ਅਸਾਂ ਆਪਣੀ ਮਰਜ਼ੀ ਨਾਲ ਹੀ ਕੀਤੀ ਹੈ। ਸਿੰਘਾਂ ਨੇ ਛੇਤੀ ਫੇਰ ਜ਼ਖਮ ਬਧੇ, ਪ੍ਰੰਤੂ ਗੁਰੂ ਜੀ ਨੇ ਫੇਰ ਮਲ੍ਹਮ ਪਟੀ ਕਰਨੀ ਬੰਦ ਕਰ ਦਿਤੀ ਗੁਰੂ ਜੀ ਨੇ ਅਮੀਰਾਂ ਨੂੰ ਆਖਿਆ ਕਿ ਤੁਸੀਂ ਜਾਓ ਅਸਾਂ ਹੁਣ ਆਪਣੇ ਡੇਰੇ ਨੂੰ ਜਾਣਾ ਹੈ। ਉਹ ਇਸ ਭੇਤ ਨੂੰ ਸਮਝ ਨਾ ਸਕੇ ਤੇ ਸਲਾਮਾਂ ਕਰਕੇ ਚਲੇ ਗਏ। ਦੂਜ ਦੀ ਰਾਤ ਬੀਤੀ ਤੀਜ ਵਾਲੇ ਦਿਨ ਗੁਰੂ ਜੀ ਨੇ ਹੁਕਮ ਦਿਤਾ ਕਿ ਪੰਜ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਕਰਵਾਓ। ਹੋਰ

Sri Satguru Jagjit Singh Ji Elibrary NamdhariElibrary@gmail.com

ਪ੍ਰਾਣੀ ਦੇ ਅੰਤ ਸਮੇਂ ਦੀਆਂ ਚੀਜ਼ਾਂ ਇਕਠੀਆਂ ਕਰੋ ਅਸਾਂ ਹੁਣੇ ਚਲਾਣਾ ਕਰਨਾ ਹੈ ਤੁਸੀਂ ਸ਼ੋਕ ਚਿੰਤਾ ਨਹੀਂ ਕਰਨਾ ਕਿਉਂਕਿ ਖਾਲਸੇ ਵਿਚ ਇਕੋ ਜੇਹਾ ਹੈ ਸਤਿਗੁਰ ਨਾਨਕ ਦੇਵ ਨੂੰ ਹਰ ਵਕਤ ਆਪਣੇ ਪਾਸ ਹਾਜ਼ਰ ਨਾਜ਼ਰ ਜਾਣੋ ਉਹ ਖਾਲਸੇ ਦੇ ਸਭ ਕੰਮ ਰਾਸ ਕਰਨਗੇ, ਕਲ ਚੌਥ ਵਾਲੇ ਦਿਨ ਸਾਰਾ ਦਿਨ ਲੰਗਰ ਵਰਤਦਾ ਰਹੇ ਕੜਾਹ ਪ੍ਰਸ਼ਾਦ ਪੂੜੀ ਮਠਿਆਈ ਆਦਿਕ ਬਣਾਓ। ਭਾਈ ਦਇਆ ਸਿੰਘ ਸੰਤੋਖ ਸਿੰਘ ਆਦਿਕ ਗਏ ਤੇ ਨੰਦੇੜ ਜਾਕੇ ਗਡਿਆਂ ਤੇ ਅਨਾਜ ਆਦਿਕ ਲਦਾਕੇ ਲੈ ਆਏ ਕੜਾਹੇ ਧਰ ਦਿਤੇ ਲੰਗਰ ਤਿਆਰ ਹੋਣ ਲਗਾ ਸਭਨਾਂ ਸਿੰਘਾਂ ਦੇ ਨੇਤਰ ਜਲ ਨਾਲ ਭਰ ਗਏ ਕਿ ਸਾਡਾ ਕੀਹ ਹਾਲ ਹੋਵੇਗਾ? ਚੌਥ ਵਾਲੇ ਦਿਨ ਸਵੇਰ ਤੋਂ ਹੀ ਲੰਗਰ ਵਰਤਣਾ ਸ਼ੁਰੂ ਹੋਗਿਆ ਗੁਰੂ ਜੀ ਦੇ ਹੁਕਮ ਅਨੁਸਾਰ ਚੌਹ ਵਰਨਾਂ ਦੇ ਲੋਕ ਪ੍ਰਸ਼ਾਦਾ ਛਕਣ ਲਗੇ ਅਰ ਗੁਰੂ ਜੀ ਦਾ ਬਿਅੰਤ ਜਸ ਹੋਣ ਲਗਾ।

## ਗੁਰੂ ਜੀ ਨੇ ਜੋਤੀ ਜੋਤ ਸਮਾਉਣਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ ਦੇਣੀ

ਪੰਚਮੀ ਵਾਲੇ ਦਿਨ ਗੁਰੂ ਜੀ ਨੇ ਵਡਾ ਭਾਰੀ ਦੀਵਾਨ ਸਜਾਇਆ ਤੇ ਸਿੰਘਾਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦੇਂਦੇ ਰਹੇ ਤੇ ਹੁਕਮ ਦਿਤਾ ਜੋ ਚੰਦਨ ਆਦਿਕ ਸਮਗ੍ਰੀ ਤਿਆਰ ਕਰੋ। ਤਦ ਸਭ ਚੀਜ਼ ਜਮਾਂ ਕਰਕੇ ਸਿੰਘਾਂ ਨੇ ਅਰਜ਼ ਕੀਤੀ ਸਚੇ ਪਾਤਸ਼ਾਹ ਸੌ ਮਣ ਚੰਦਨ ਤੇ ਹੋਰ ਕਪੜੇ ਆਦਿਕ ਸਭ ਤਿਆਰ ਹੁਨ। ਸ੍ਰੀ ਕਲਗੀਧਰ ਜੀ ਨੇ ਇਸ਼ਨਾਨ ਕਰਕੇ ਬਸਤ੍ਰ ਪਹਿਨੇ ਤੇ ਸਸਤ੍ਰਾਂ ਦਾ ਕਮਰਕਸਾ ਕੀਤਾ ਜਦ ਗੁਰੂ ਜੀ ਅਚੱਲ ਹੋਕੇ ਬੈਠੇ ਤਾਂ ਸਿੰਘਾਂ ਨੇ ਹਥ ਜੋੜਕੇ ਬੇਨਤੀ ਕੀਤੀ ਸਚੇ ਪਾਤਸ਼ਾਹ

Sri Satguru Jagjit Singh Ji Elibrary NamdhariElibrary@gmail.com

ਪਿਛਲੀ ਗੁਰ ਰੀਤੀ ਅਨੁਸਾਰ ਸੰਗਤ ਨੂੰ ਕੀਹਦੀ ਬਾਂਹ ਪਕੜਾ ਚਲੇ ਹੋ ? ਗੁਰੂ ਜੀ ਬੋਲੇ ਕਿ ਤੁਹਾਨੂੰ ਬਾਂਹ ਪਕੜਾ ਕੇ ਹੀ ਜਾਵਾਂਗੇ ਚਿੰਤਾ ਨਾ ਕਰੋ ਤੁਸੀਂ ਗੁਰੂਬਾਨੀ ਦਾ ਪਾਠ ਕਰਨਾ ਸਤਿਗੁਰਾਂ ਉਪਰ ਭਰੋਸਾ ਰਖਣਾ ਜੋ ਕੰਮ ਕਰਨਾ ਅਰਦਾਸਾ ਸੋਧ ਕੇ ਕਰਨਾ ਤੁਹਾਡੇ ਸਾਰੇ ਵਿਘਨ ਨਾਸ ਹੋ ਜਾਣਗੇ। ਸਿਧ ਪੀਰ ਜੋ ਕਮਾਈ (ਸ਼ਕਤੀ) ਵਾਲੇ ਪੁਰਸ਼ ਸਨ ਸਭ ਗੁਰੂ ਜੀ ਦੇ ਦਰਸ਼ਨ ਨੂੰ ਆਏ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ ਅਰ ਸ਼ਸਤ੍ਰ ਬਸਤ੍ਰ ਸਜਾ ਕੇ ਗੁਰੂ ਜੀ ਨੇ ਅਰਦਾਸਾ ਸੋਧਿਆ ਪੰਜ ਪੈਸੇ ਨਰੇਲ ਲੈਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਰਖਿਆ ਤੇ ਪ੍ਰਕਰਮਾ ਕਰਕੇ ਮਥਾ ਟੇਕ ਦਿਤਾ ਅਤੇ ਖਾਲਸੇ ਨੂੰ ਉਪਦੇਸ਼ ਦਿਤਾ।

ਅਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ ॥ ਸਭ ਸਿੱਖਨ ਕੋ ਹੁਕਮ ਹੈ
ਗੁਰੂ ਮਾਨੀਓ ਗ੍ਰੰਥ ॥ ਗੁਰੂ ਗ੍ਰੰਥ ਜੂ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥
ਜਾਂਕਾ ਹਿਰਦਾ ਸੁਧ ਹੈ ਖੋਜ ਸ਼ਬਦ ਮਹਿ ਲੇਹ ॥

ਗੁਰੂ ਜੀ ਨੇ ਸਿੰਘਾਂ ਨੂੰ ਆਖਿਆ ਕਿ ਸਾਡੀ ਗਮੀ ਖਾਲਸੇ ਵਾਸਤੇ ਇਕੋ ਜੇਹੀ ਹੈ ਦੋਨਾਂ ਸਮਿਆਂ ਵਿਖੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਕਰਵਾਉਣਾ ਤੇ ਕੜਾਹ ਪ੍ਰਸ਼ਾਦ ਦਾ ਹੀ ਭੋਗ ਲਗਾਉਣਾ ਹਰਖ ਸ਼ੋਗ ਵਿਚ ਇਕੋ ਜੇਹਾ ਵਰਤਨਾ ਕਰਤਾਰ ਦੇ ਹੁਕਮ ਨੂੰ ਸਿਰ ਮਥੇ ਤੇ ਪ੍ਰਸੰਨਤਾ ਨਾਲ ਪ੍ਰਵਾਨ ਕਰਨਾ ਆਪਣੀ ਕਮਾਈ ਵਿਚੋਂ ਦਸਵੰਧ ਗੁਰੂ ਨਮਿਤ ਦੇਣਾ ਫਿਰ ਤੁਹਾਡੇ ਸਭ ਕੰਮ ਰਾਸ ਹੋ ਜਾਵਣਗੇ। ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ ਤੇ ਸੰਗਤ ਬੈਠੇਗੀ ਮੈਂ ਉਥੇ ਹੀ ਹਾਜ਼ਰ ਹੋਵਾਂਗਾ ਅਰ ਮੈਂ ਆਪਣੀ ਜੋਤ ਖਾਲਸੇ ਵਿਚ ਧਰ ਦਿਤੀ ਹੈ, ਖਾਲਸੇ ਦਾ ਤੇਜ ਵਧੇਗਾ। ਅਜ ਤੋਂ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜ ਪਕੜ ਲਓ, ਜਿਸਨੇ ਸਾਡਾ ਦਰਸ਼ਨ

Sri Satguru Jagjit Singh Ji Elibrary NamdhariElibrary@gmail com

ਕਰਨਾ ਹੋਵੇ ਓਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਕਰੇ, ਜਿਸਨੇ ਸਾਡੇ ਨਾਲ ਮੁਖਵਾਕ ਬਚਨ ਕਰਨੇ ਹੋਵਣ ਓਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ। ਅਸਾਂ ਸ੍ਰੀ ਗੁਰੂ ਤੇਗ ਬਹਾਦਰ ਨਾਵੀਂ ਪਾਤਸ਼ਾਹੀ ਜੀ ਦੀ ਬਾਣੀ ਪਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕਰ ਦਿਤਾ ਹੈ, ਅੱਜ ਤੋਂ ਕੋਈ ਅੱਖਰ ਲਗ ਮਾਤਰ ਨਾ ਘਟਾਵੇ ਵਧਾਵੇਗਾ। ਇਸ ਤਰਾਂ ਨਾਲ ਅੱਧੀ ਰਾਤ ਤਕ ਉਪਦੇਸ਼ ਕਰਦੇ ਰਹੇ, ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਕਨਾਤ ਦੇ ਅੰਦਰ ਚਿਖਾ ਉਪਰ ਜਾ ਬੈਠੇ ਤੇ ਹੁਕਮ ਦਿਤਾ ਸੁਣੋ ਖਾਲਸਾ ਜੀ ਤੁਸੀਂ ਸਭ ਚਲੇ ਜਾਓ ਤੇ ਇਕ ਭਾਈ ਸੰਤੋਖ ਸਿੰਘ ਨੂੰ ਇਥੇ ਰਹਿਣ ਦਿਓ, ਸਦਾ ਹੀ ਦੇਗ ਕਰਦੇ ਰਹਿਣਾ, ਸਾਡਾ ਮੰਦਰ ਕੋਈ ਨਾ ਬਣਾਵੇ ਸਿਰਫ ਲੰਗਰ ਵਰਤਦਾ ਰਿਹਾ ਕਰੇ, ਜੇੜ੍ਹਾ ਕੋਈ ਸਾਡਾ ਮੰਦਰ ਬਨਵਾਵੇਗਾ ਉਸਦੀ ਸਰਬੰਸ ਨਾਸ਼ ਹੋ ਜਾਵੇਗੀ। ਏਹ ਉਪਦੇਸ਼ ਦੇਕੇ ਗੁਰੂ ਜੀ ਨੇ ਸਭ ਨੂੰ ਕਨਾਤ ਤੋਂ ਬਾਹਰ ਕਢ ਦਿਤਾ। ਗੁਰੂ ਜੀ ਸ਼ਸਤ੍ਰਾਂ ਬਸਤ੍ਰਾਂ ਸਮੇਤ ਅਚੱਲ ਸਮਾਧੀ ਵਿਚ ਹੋਕੇ ਬੈਠ ਗਏ, ਪਦਮ ਆਸਨ ਲਗਾਕੇ ਆਪਣੇ ਨਿਜ ਸਰੂਪ ਅਕਾਲ ਪੁਰਖ ਦੀ ਜੋਤ ਨਾਲ ਜੋਤ ਜੋੜ ਦਿਤੀ ਤੇ ਯੋਗ ਅਗਨੀ ਦੁਆਰੇ ਚਿਖਾ ਨੂੰ ਜਗਾਇਆ ਅਤੇ ਇਕ ਦਮ ਸਭਨਾਂ ਦੇ ਦੇਖਦਿਆਂ ਦੇਖਦਿਆਂ ਅਕਾਸ਼ ਮਾਰਗ ਨੂੰ ਬਿਜਲੀ ਵਾਂਗ ਪ੍ਰਕਾਸ਼ਦੇ ਹੋਏ ਅਲੋਪ ਹੋ ਗਏ, ਸਿੰਘਾਂ ਦੇ ਨੇਤਰਾਂ ਵਿਚੋਂ ਜਲ ਦੀਆਂ ਧਾਰਾਂ ਨਿਕਲਨ ਲਗੀਆਂ ਅਤੇ ਓਧਰੋਂ ਤਬੇਲੇ ਵਿਚੋਂ ਸੇਵਾਦਾਰ ਸਿੰਘ ਦੌੜਿਆ ਆਇਆ ਤੇ ਕਹਿਣ ਲਗਾ ਖਾਲਸਾ ਜੀ ਗੁਰੂ ਜੀ ਦਾ ਘੋੜਾ ਤੇ ਬਾਜ ਮੇਰੇ ਦੇਖਦਿਆਂ ਦੇਖਦਿਆਂ ਗੁੰਮ ਹੋ ਗਏ ਹਨ। ਜਦ ਮੈਂ ਘੋੜੇ ਦਾ ਸਾਰਾ ਸਾਜ ਦੇਖਣ ਲਗਾ ਹਾਂ ਤਾਂ ਓਹ ਭੀ ਗੁੰਮ ਹੈ। ਏਹ ਕੌਤਕ ਵੇਖਕੇ ਮੈਂ ਤੁਹਾਡੇ ਪਾਸ ਦੌੜਿਆ ਆਇਆ ਹਾਂ,

Sri Satguru Jagjit Singh Ji Elibrary NamdhariElibrary@gmail.com

ਜਦ ਦਿਨ ਚੜ੍ਹਿਆ ਤਾਂ ਇਕ ਗੋਹੇ ਚੁਗਣ ਵਾਲਾ ਸਿੰਘ ਪਾਸ ਆਇਆ ਤੇ ਆਖਣ ਲਗਾ ਕਿ ਮੈਨੂੰ ਗੁਰੂ ਜੀ ਨੇ ਤੁਹਾਡੇ ਪਾਸ ਭੇਜਿਆ ਹੈ, ਮੈਂ ਗੋਹੇ ਚੁਗਦਾ ਸੀ ਓਹਨਾਂ ਨੇ ਮੈਨੂੰ ਅਵਾਜ਼ ਦੇਕੇ ਸਦਿਆ ਤੇ ਆਖਿਆ ਸਾਡੇ ਡੇਰੇ ਵਲ ਜਾਹ ਤੇ ਸਾਡੇ ਸਿੰਘਾਂ ਨੂੰ ਸੁਨੇਹਾ ਦੇ ਆ ਕਿ ਸਾਡਾ ਅੰਗੀਠਾ ਫੋਲਣਾ ਨਹੀਂ ਇਕੱਠਾ ਕਰਕੇ ਗੁਦਾਵਰੀ ਵਿਚ ਪਾ ਦੇਣਾ ਤੇ ਸਾਡਾ ਮੰਦਰ ਕੋਈ ਨ ਬਣਾਵੇ, ਜੇਹੜਾ ਬਣਵਾਵੇਗਾ ਉਸਦੀ ਜੜ੍ਹ ਮੇਖ ਉਡ ਜਾਵੇਗੀ, ਸਾਡੀ ਜਗ੍ਹਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪਾਠ ਕਰਨਾ, ਸਿੰਘਾਂ ਪੁਛਿਆ ਕਿ ਗੁਰੂ ਜੀ ਪੈਦਲ ਸਨ ਤੇ ਕੱਲੇ ਸਨ ? ਓਹ ਬੋਲਿਆ ਜੀ ਨਹੀਂ, ਪੰਜ ਸਿੰਘ ਨਾਲ ਸਨ ਤੇ ਘੋੜੇ ਤੇ ਸਵਾਰ ਸਨ, ਹਥ ਵਿਚ ਬਾਜ ਸੀ, ਤਦ ਸਿੰਘਾਂ ਨੂੰ ਹੌਸਲਾ ਹੋਇਆ ਕਿ ਗੁਰੂ ਜੀ ਸਾਡੇ ਅੰਗ ਸੰਗ ਰਹਿਣਗੇ। ਏਹ ਦਸਮੇਸ਼ ਗੁਰੂ ਜੀ ਕੱਤਕ ਸੁਦੀ ਪੰਚਮੀ ੧੭੬੫ ਬਿਕ੍ਰਮੀ ਨੂੰ ਜੋਤੀ ਜੋਤ ਸਮਾਏ। ਸਿੰਘਾਂ ਨੇ ਕਨਾਤ ਇਕਠੀ ਕੀਤੀ ਅਤੇ ਭਸਮ ਨੂੰ ਵੇਖਿਆ, ਨਾਂ ਕੋਈ ਅਸਤੀ (ਫੁਲ) ਨਿਕਲਿਆ ਤੇ ਨਾਹੀ ਕੋਈ ਸ਼ਸਤ੍ਰ ਨਿਕਲਿਆ ਸਭ ਸਿੰਘ ਧੰਨ ਸਤਿਗੁਰੂ ਧੰਨ ਸਤਿਗੁਰੂ ਉਚਾਰਨ ਲਗੇ। ਅਤੇ ਓਹ ਰਾਖ ਗੁਦਾਵਰੀ ਵਿਚ ਪਾਈ। ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰਖਿਆ ਤੇ ਸਬਦ ਕੀਰਤਨ ਲੰਗਰ ਕਰਨਾ ਸ਼ੁਰੂ ਕੀਤਾ। ਓਧਰ ਇਕ ਸਾਧੂ ਜੋ ਅਗੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਕਰਦਾ ਸੀ ਸੋ ਆਨਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮਥਾ ਟੇਕਕੇ ਬੈਠ ਗਿਆ ਤੇ ਭਾਈ ਸੰਤੋਖ ਸਿੰਘ ਦਇਆ ਸਿੰਘ ਜੀ ਨੂੰ ਪੁਛਣ ਲਗਾ ਅਜ ਤੁਸੀਂ ਗੁਰੂ ਜੀ ਨਾਲ ਸਿਕਾਰ ਨੂੰ ਕਿਉਂ ਨਹੀਂ ਗਏ ? ਗੁਰੂ ਜੀ ਇਕਲੇ ਹੀ ਗਏ ਹਨ; ਸਿੰਘ ਪੁਛਨ ਲਗੇ ਤੁਹਾਨੂੰ ਕਿਥੇ ਮਿਲੇ ਹਨ ਤੇ ਕਦੋਂ ਮਿਲੇ ਹਨ ?

Sri Satguru Jagjit Singh Ji Elibrary NamdhariElibrary@gmail com

ਸਾਧੂ ਜੀ ਬੋਲੇ ਮੈਂ ਤਾਂ ਓਹਨਾਂ ਪਾਸੋਂ ਹੀ ਮਥਾ ਟੇਕਕੇ ਆ ਰਿਹਾ ਹਾਂ ਇਥੋਂ ਕੋਈ ਦੋ ਕੁ ਕੋਹ ਦੀ ਵਿੱਥ ਤੇ ਮਿਲੇ ਹਨ। ਸਿੰਘਾਂ ਨੇ ਇਥੋਂ ਦਾ ਬੀਤਿਆ ਹਾਲ ਸੁਣਾਇਆ ਤਾਂ ਸਾਧੂ ਅਚਰਜ ਰਹਿ ਗਿਆ ਤੇ ਧੰਨ ਧੰਨ ਕਹਿਣ ਲਗਾ।

## ਬਹਾਦਰਸ਼ਾਹ ਬਾਦਸ਼ਾਹ ਨੂੰ ਗੁਰੂ ਜੀ ਦੇ ਦਰਸ਼ਨ ਹੋਣੇ

ਜਿ ਲਾ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਸਾਰਾ ਹਾਲ ਬਹਾਦਰ ਸ਼ਾਹ ਪਾਸ ਪੁਜਾ, ਬਹਾਦਰ ਸ਼ਾਹ ਨੇ ਬੜਾ ਅਫਸੋਸ ਕੀਤਾ ਕਿ ਮੈਂ ਅੰਤ ਸਮੇਂ ਗੁਰੂ ਜੀ ਨੂੰ ਨਾ ਮਿਲ ਸਕਿਆ, ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਓਹਨਾਂ ਪਾਸੋਂ ਅਜੇ ਨਾਹੀਂ ਆਉਂਦਾ, ਤਦ ਸਭਨਾਂ ਮੰਤ੍ਰੀਆਂ ਆਦਕਾਂ ਨੇ ਭੀ ਅਫਸੋਸ ਕੀਤਾ ਤੇ ਗੁਰੂ ਜੀ ਦੀਆਂ ਗਲਾਂ ਚੇਤੇ ਕਰ ਕਰਕੇ ਬਹਾਦਰਸ਼ਾਹ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ ਅਤੇ ਗੁਰੂ ਜੀ ਦੇ ਲੰਗਰ ਵਾਸਤੇ ਭਾਈ ਦਇਆ ਸਿੰਘ ਨੂੰ ਬਹੁਤ ਸਾਰੋ ਰੁਪਯਾ ਭੇਜਿਆ। ਉਸ ਦਿਨ ਬਹਾਦਰ ਸ਼ਾਹ ਉਦਾਸ ਹੀ ਬੈਠਾ ਰਿਹਾ। ਜਦੋਂ ਪਿਛਲਾ ਪਹਿਰ ਹੋਇਆ ਤਾਂ ਬਹਾਦਰ ਸ਼ਾਹ ਕੁਝਕ ਮੰਤ੍ਰੀਆਂ ਤੇ ਨੰਦ ਲਾਲ ਜੀ ਨੂੰ ਨਾਲ ਲੈਕੇ ਜੰਗਲ ਦੀ ਸੈਰ ਕਰਨ ਲਈ ਤੁਰਿਆ ਕਿ ਮਨ ਬਹਿਲਾਈਏ, ਜਦ ਫਿਰਦੇ ਫਿਰਦੇ ਅਰ ਗੁਰੂ ਜੀ ਦੀਆਂ ਗਲਾਂ ਕਰਦੇ ਕਰਦੇ ਦੂਰ ਨਿਕਲ ਗਏ ਤਾਂ ਕੁਦਰਤ ਨਾਲ ਦੋ ਮਿਰਗ ਨਿਕਲ ਆਏ ਅਰ ਭਬਕ ਮਾਰਦੇ ਹੋਏ ਸਾਮਨੇ ਅੜ ਖਲੋਤੇ, ਬਹਾਦਰਸ਼ਾਹ ਨੇ ਬੰਦੂਕ ਦੀ ਗੋਲੀ ਮਾਰੀ ਤਾਂ ਓਹ ਮਿਰਗ (ਚਿਤਰੇ) ਉਠ ਨਠੇ ਮਗਰ ਹੀ ਸਭਨਾਂ ਨੇ ਘੋੜੇ ਲਾਏ ਤੇ ਸਭ ਨੇ ਬੰਦੂਕਾਂ ਦੇ ਫਾਇਰ ਕੀਤੇ ਮਗਰ ਓਹ ਬਚਦੇ ਹੋਏ ਦੂਰ ਨਿਕਲ ਗਏ। ਬਹਾਦਰ ਸ਼ਾਹ ਤੇ ਨੰਦਲਾਲ ਜੀ ਦਾ

Sri Satguru Jagjit Singh Ji Elibrary NamdhariElibrary@gmail.com

ਘੋੜਾ ਮਗਰ ਲਗਾ ਗਿਆ ਬਾਕੀ ਐਹਲਕਾਰ ਪਿਛੇ ਰਹਿ ਗਏ ਜਦ ਕੁਝਕ ਦੂਰ ਅਗੇ ਜਾਕੇ ਬਹਾਦਰ ਸ਼ਾਹ ਨੇ ਦੇਖਿਆ ਤਾਂ ਦੋਨੋਂ ਮਿਰਗ ਮਰਕੇ ਡਿਗੇ ਹੋਏ ਦੇਖੇ ਤੇ ਦੋਹਨਾਂ ਦੀਆਂ ਵਖੀਆਂ ਵਿਚ ਤੀਰ ਲਗੇ ਹੋਏ ਦੇਖੇ ਬਹਾਦਰ ਸ਼ਾਹ ਹੈਰਾਨ ਹੋਗਿਆ ਕਿ ਇਹਨਾਂ ਨੂੰ ਤੀਰ ਕਿਸਨੇ ਮਾਰੇ ਹਨ ਏਹ ਤਾਂ ਸਾਡੇ ਅਗੇ ਅਗੇ ਦੌੜੇ ਆਉਂਦੇ ਸਨ ? ਨੰਦ ਲਾਲ ਜੀ ਨੇ ਘੋੜੇ ਤੋਂ ਉਤਰਕੇ ਓਹਨਾਂ ਤੀਰਾਂ ਨੂੰ ਪੁਟਿਆ ਦੇਖਿਆ ਤਾਂ ਉਹਨਾ ਉਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲਿਖਿਆ ਹੋਇਆ ਪਾਇਆ ਝਟ ਨੰਦ ਲਾਲ ਜੀ ਨੇ ਓਹ ਤੀਰ ਬਹਾਦਰ ਸ਼ਾਹ ਜੀਨੂੰ ਦਸੇ ਉਤਨੇ ਨੂੰ ਬਾਕੀ ਮੰਤ੍ਰੀ ਭੀ ਘੋੜੇ ਮੇਲੀ ਆਣ ਪਹੁੰਚੇ ਪਾਤਸ਼ਾਹ ਨੇ ਦੇਖਕੇ ਆਖਿਆ ਕਿ ਗੁਰੂ ਜੀ ਤਾਂ ਸਰੀਰ ਛਡ ਗਏ ਹਨ ਤੇ ਏਹ ਤੀਰ ਕਿਸਨੇ ਮਾਰੇ ? ਨੰਦ ਲਾਲ ਜੀ ਬੋਲੇ ਪਾਤਸ਼ਾਹ ਸਲਾਮਤ ! ਓਹ ਸਦਾ ਹੀ ਜਿੰਦੇ ਹਨ ਸਿਰਫ ਅਖਾਂ ਤੋਂ ਓਹਲੇ ਹੀ ਹੋਗਏ ਹਨ, ਬਾਕੀ ਅਹਿਲਕਾਰ ਕਹਿਣ ਲਗੇ ਪਾਤਸ਼ਾਹ ਸਲਾਮਤ ਓਹਨਾਂ ਦੇ ਫੌਤ ਹੋਣ ਤੇ ਹਥਿਆਰ ਤਾਂ ਪਿਛੇ ਹੀ ਪਏ ਰਹੇ ਹਨ ਸੋ ਕਿਸੇ ਸਿਖ ਨੇ ਓਹਨਾਂ ਵਾਲੇ ਤੀਰ ਮਾਰੇ ਹੋਣਗੇ ਓਹ ਤਾਂ ਬਹਿਸਤ ਨੂੰ ਚਲੇ ਗਏ ਹਨ ਬਾਕੀ ਆਪਣੇ ਤੀਰ ਤੂਰ ਨਾਲ ਥੋੜੇ ਲੈਗਏ ਹਨ, ਏਹ ਗਲਾਂ ਕਰ ਹੀ ਰਹੇ ਸਨ ਜਾਂ ਬਹਾਦਰ ਸ਼ਾਹ ਦੀ ਨਿਗਾ ਇਕ ਉਚੀ ਜਗੀ ਥਾਂ ਤੇ ਪਈ ਅਰ ਗੁਰੂ ਜੀ ਘੋੜੇ ਤੇ ਸਵਾਰ ਹੁਥ ਵਿਚ ਤੀਰ ਕਮਾਨ ਫੜੀ ਖਲੋਤੇ ਹੋਏ ਦਿਸੇ ਤਦ ਬਹਾਦਰ ਸ਼ਾਹ ਨੇ ਸਭ ਨੂੰ ਆਖਿਆ ਕਿ 'ਔਹ ਦੇਖੋ ਗੁਰੂ ਜੀ ਖਲੋਤੇ ਹਨ। ਤਦ ਸਭ ਓਧਰ ਦੇਖਣ ਲਗੇ ਮਗਰ ਇਕ ਬਹਾਦਰਸ਼ਾਹ ਇਕ ਨੰਦਲਾਲ ਤੋਂ ਸਵਾਇ ਕਿਸੇ ਨੂੰ ਨਜ਼ਰ ਨਾ ਆਏ, ਤਦ ਦੋਹਨਾਂ ਨੇ ਨਮਸਕਾਰਾਂ ਕੀਤੀਆਂ ਬਾਕੀ ਮੰਤ੍ਰੀ ਇਨ੍ਹਾਂ ਨੂੰ ਦੇਖ ਦੇਖਕੇ ਕਹਿਣ ਲਗੇ ਪਾਤਸ਼ਾਹ ਸਲਾਮਤ

ਸਾਨੂੰ ਨਹੀਂ ਨਜ਼ਰ ਆਉਂਦੇ। ਬਹਾਦਰਸ਼ਾਹ ਨੇ ਘੋੜਾ ਗੁਰੂ ਜੀ ਵਲ ਤੋਰਿਆ ਜਿਉਂ ਜਿਉਂ ਘੋੜਾ ਲਈ ਜਾਵੇ ਤਾਂ ਗੁਰੂ ਜੀ ਉਤਨੀ ਦੂਰ ਹੀ ਖਲੋਤੇ ਨਜ਼ਰ ਆਉਣ। ਜਦ ਬਹਾਦਰ ਸ਼ਾਹ ਕਾਫੀ ਦੂਰ ਜਾਕੇ ਭੀ ਹੈਰਾਨ ਹੋ ਗਿਆ ਤਾਂ ਗੁਰੂ ਜੀ ਬਿਜਲੀ ਦੇ ਚਮਤਕਾਰੇ ਵਾਂਗ ਅਲੋਪ ਹੋ ਗਏ। ਬਹਾਦਰਸ਼ਾਹ ਘਾਬਰਕੇ ਐਧਰ ਓਧਰ ਦੇਖਣ ਲਗਾ। ਸੰਧਿਆ ਪੈ ਗਈ ਅੰਤ ਡੇਰੇ ਨੂੰ ਮੁੜੇ ਰਸਤੇ ਵਿਚ ਨੰਦ ਲਾਲ ਜੀ ਬਹਾਦਰ ਸ਼ਾਹ ਨੂੰ ਗੁਰੂ ਜੀ ਦਾ ਜਸ ਕਰਕੇ ਸੁਣਾਉਂਦੇ ਆਏ। ਇਸੇ ਤਰਾਂ ਬਹਾਦਰਸ਼ਾਹ ਨੂੰ ਦੋ ਤਿੰਨ ਦਫਾ ਦਰਸ਼ਨ ਹੋਇਆ।

## ਸ੍ਰੀ ਸੁੰਦਰੀ ਜੀ ਤੇ ਸਾਹਿਬ ਦੇਵਾਂ ਜੀ ਦਾ ਜੋਤੀ ਜੋਤ ਸਮਾਉਣਾ

ਇਧਰ ਸਿੰਘਾਂ ਨੇ ਗੁਰੂ ਜੀ ਦੇ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ ਤੇ ਜਿਤਨਾ ਧਨ ਪਾਤਸ਼ਾਹ ਵਲੋਂ ਆਇਆ ਸੀ ਉਸਦਾ ਕੜਾਹ ਪ੍ਰਸ਼ਾਦ ਅਰ ਧਗ ਕੀਤਾ, ਗੁਰੂ ਜੀ ਦੇ ਖਜਾਨੇ ਵਿਚੋਂ ਬਿਅੰਤ ਲੰਗਰ ਚਲਦਾ ਰਿਹਾ ਦੋ ਵੇਲੇ ਸਿੰਘ ਦੀਵਾਨ ਸਜਾਕੇ ਸ਼ਬਦ ਕੀਰਤਨ ਦਾ ਉਚਾਰਨ ਕਰਦੇ ਰਹਿੰਦੇ, ਕਈ ਸਿੰਘ ਪੰਜਾਬ ਨੂੰ ਆ ਗਏ, ਕਈ ਸਿੰਘ ਆਪਣੇ ਘਰੋ ਘਰੀ ਚਲੇ ਗਏ, ਜਦ ਦਿੱਲੀ ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵਾਂ ਜੀ ਨੂੰ ਖਬਰ ਪੁਜੀ ਤਾਂ ਦੋਹਨਾਂ ਮਾਤਾ ਜੀ ਨੇ ਗੁਰੂ ਜੀ ਦਾ ਭਾਰੀ ਧੱਗ ਕੀਤਾ, ਅਤੁਟ ਲੰਗਰ ਵਰਤਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਜਾਕੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਅਤੇ ਸਭ ਕਾਰਜ ਕਰਕੇ ਦੋਹਨਾਂ ਮਾਤਾ ਜੀ ਨੇ ਜਮੁਨਾ ਦੇ ਕਨਾਰੇ ਇਕਾਂਤ ਬੈਠਕੇ ਜੋਤ ਦਾ ਧਿਆਨ ਲਗਾਇਆ ਤੇ ਯੋਗ ਬਲ ਦ੍ਵਾਰੇ ਆਪਣੇ ਪ੍ਰਾਣ ਤਿਆਗ ਦਿਤੇ ਅਤੇ ਗੁਰਪੁਰੀ ਨੂੰ ਸਿਧਾਰ ਗਏ।

# ਗੁਰੂ ਜੀ ਨੇ ਰਾਜਿਆਂ ਦੀ ਬੰਦ-ਖਲਾਸ ਕਰਨੀ

ਜਣਵਾਰਾ ਨਗਰ ਦੇ ਰਾਜੇ ਰੁਸਤਮ ਰਾਇ ਤੇ ਰਬਾਲੇ ਰਾਇ ਦੋਨੋਂ ਭਰਾ ਸੂਰਬੀਰ ਬਲੀ ਸਨ, ਜੋ ਕੁਝਕੁ ਦੇਸ਼ ਦਾ ਰਾਜ ਬੜੀ ਚੰਗੀ ਤਰਾਂ ਕਰਦੇ ਸਨ। ਮਰਹਟਾ ਦੇਸ ਨੂੰ ਲੁਟ ਕੁਟ ਕਰਦੇ ਰਹਿੰਦੇ ਤੇ ਵੈਰੀਆਂ ਨੂੰ ਸਿਧਿਆਂ ਕਰਦੇ। ਦੋਹਾਂ ਭਰਾਵਾਂ ਦੀ ਅਜੇਹੀ ਧਾਂਕ ਪੈ ਗਈ ਜੋ ਸਭ ਥਰ ਥਰ ਕਰਕੇ ਕੰਬਦੇ ਸਨ ਓਹਨਾਂ ਉਤੇ ਮਰਹਟਿਆਂ ਦਾ ਰਾਜਾ ਗੁਸਾ ਖਾਕੇ ਚੜ੍ਹ ਆਇਆ। ਬਹੁਤ ਸੈਨਾ ਇਕੱਠੀ ਕਰਕੇ ਆਨ ਪਿਆ, ਰੁਸਤਮ ਰਾਇ ਤੇ ਰਬਾਲੇ ਰਾਇ ਨਾਲ ਚੰਗੀ ਤਰਾਂ ਲੜਾਈ ਹੋਈ ਦੁਵੱਲੀ ਸੂਰਮਿਆਂ ਦੇ ਘਾਣ ਲੱਥੇ ਅੰਤ ਮਰਹਟਾ ਰਾਜਾ ਨੇ ਦੋਨਾਂ ਭਰਾਵਾਂ ਨੂੰ ਘੇਰਕੇ ਪਕੜ ਲਿਆ ਬੇੜੀਆਂ ਤੇ ਹਥਕੜੀਆਂ ਨਾਲ ਜਕੜਕੇ ਕੈਦਖਾਨੇ ਵਿਚ ਜਾ ਪਾਇਆ। ਦੋਹਨਾਂ ਭਰਾਵਾਂ ਨੇ ਆਪਣੇ ਦੇਵੀਆਂ ਦੇਵਤੇ ਮਨਾਏ ਮਗਰ ਕੋਈ ਪੇਸ਼ ਨਾ ਗਈ ਉਸ ਕੈਦਖਾਨੇ ਦੀ ਰਾਖੀ ਉਪਰ ਇਕ ਗੁਰੂ ਦਾ ਸਿੰਘ ਦੁਰਗ ਸਿੰਘ ਨੌਕਰ ਸੀ, ਜੋ ਪਹਿਰਾ ਦਿੰਦਾ ਹੋਇਆ ਰੋਜ਼ ਗੁਰਬਾਣੀ ਪੜ੍ਹਦਾ ਰਹਿੰਦਾ ਸੀ। ਇਕ ਦਿਨ ਰਬਾਲੇ ਰਾਇ ਨੇ ਉਸ ਪਾਸੋਂ ਪੁਛਿਆ ਕਿ ਤੁਸੀਂ ਕਿਸ ਦੀ ਬਾਣੀ ਪੜ੍ਹਦੇ ਰਹਿੰਦੇ ਹੋ? ਸਾਡਾ ਮਨ ਸੁਣ ਸੁਣ ਸ਼ਾਂਤ ਹੋ ਗਿਆ ਹੈ ਉਸ ਸਿੰਘ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਘਰ ਦੀ ਕੁਝਕ ਮਹਿਮਾ ਸੁਣਾਉਣੀ ਸ਼ੁਰੂ ਕੀਤੀ ਸੁਣਾਉਂਦਿਆਂ ਸੁਣਾਉਂਦਿਆਂ ਛੇਵੇਂ ਪਾਤਸ਼ਾਹੀ ਦੇ ਗਵਾਲੀਅਰ ਦੇ ਕਿਲੇ ਵਿਚੋਂ ਰਾਜਿਆਂ ਦੇ ਛੁਡਾਉਣ ਦੀ ਕਥਾ ਸੁਣਾਈ। ਹੋਰ ਭੀ ਮਖਨ ਸ਼ਾਹ ਦੀ ਦੇ ਜਹਾਜ ਨੂੰ ਬਚਾਉਣਾ ਆਦਿਕ ਪ੍ਰਸੰਗ ਸੁਣਾਏ, ਅਜੇਹੇ ਗੁਰੂ ਘਰ ਦੀ ਗੱਦੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ ਜੋ ਨਦੇੜ ਦੇ ਪਾਸ ਗੁਦਾਵਰੀ ਦੇ ਕੰਢੇ ਜੋਤੀ ਜੋਤ ਸਮਾ ਗਏ

Sri Satguru Jagjit Singh Ji Elibrary NamdhariElibrary@gmail.com

ਹੈਨ ਫਿਰ ਉਂਦੇ ਹਾਜ਼ਰ ਨਾਜ਼ਰ ਹਨ ਜਿਥੇ ਜਿਥੇ ਕੋਈ ਸੇਵਕ ਬਾਲਕੇ ਓਹਨਾਂ ਨੂੰ ਸਚੇ ਮਨ ਨਾਲ ਅਰਾਧਦਾ ਹੈ ਓਥੇ ਓਥੇ ਹੀ ਓਹ ਆਣਕੇ ਸਹਾਇਤਾ ਕਰਦੇ ਹਨ। ਏਹ ਜਸ ਕਰ ਹੀ ਰਿਹਾ ਸੀ ਜਾਂ ਇਕ ਪਠਾਣ ਉਥੋਂ ਦੀ ਲੰਘਿਆ ਓਹ ਸੁਣਕੇ ਖੜਾ ਹੋ ਗਿਆ ਤਾਂ ਉਸਨੇ ਭੀ ਗੁਰੂ ਜੀ ਦੀ ਬਹੁਤ ਵਡਿਆਈ ਕੀਤੀ ਆਖਿਆ ਕਿ ਕਰਾਮਾਤ ਦੇ ਧਨੀ ਸਨ। ਸਿੰਘ ਨੇ ਆਖਿਆ ਕਿ ਬੰਦੇ ਦੀ ਕੈਦ ਕੀਹ ਚੀਜ਼ ਹੈ ਓਹ ਜਮਾਂ ਦੀ ਕੈਦ ਵਿਚੋਂ ਛੁਡਾ ਦਿੰਦੇ ਹਨ। ਬਾਲੇ ਰਾਇ ਨੇ ਸੁਣਕੇ ਸਿੰਘ ਨੂੰ ਆਖਿਆ ਕਿ ਤੁਸੀਂ ਗੁਰੂ ਜੀ ਅਗੇ ਪ੍ਰਾਰਥਨਾ (ਅਰਦਾਸ) ਕਰੋ ਜੋ ਸਾਡੀ ਦੋਹਨਾਂ ਭਰਾਵਾਂ ਦੀ ਫਾਹੀ ਕਟਕੇ ਸਾਨੂੰ ਘਰ ਪਹੁੰਚਾ ਦੇਵਨ ਤਦ ਅਸੀਂ ਪਿਛਲੀਆਂ ਵਾਰਤਾਂ ਹੋਈਆਂ ਭੀ ਸਚੀਆਂ ਸਮਝਾਂਗੇ। ਤਦ ਸਿੰਘ ਨੇ ਦੋਨੋਂ ਹਥ ਜੋੜਕੇ ਅਰਦਾਸ ਕੀਤੀ ਕਿ ਸਚੇ ਪਾਤਸ਼ਾਹ। ਏਹਨਾਂ ਦੀ ਬੰਦੀ ਛੁਡਾਵੋ, ਬਾਲੇ ਰਾਇ ਜੀ ਭੀ ਸਚੇ ਮਨ ਨਾਲ ਸਾਰਾ ਦਿਨ ਗੁਰੂ ਜੀ ਦੀ ਅਰਾਧਨਾ ਕਰਦਾ ਰਿਹਾ। ਜਦ ਗੁਰੂ ਜੀ ਨੂੰ ਸਿਮਰਦਿਆਂ ਅਧੀ ਰਾਤ ਹੋ ਗਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਲੇ ਦੇ ਅੰਦਰ ਬੰਦੀਖਾਨੇ ਦੇ ਅਗੇ ਘੋੜੇ ਸਮੇਤ ਦਰਸਨ ਦਿਤਾ। ਜਦ ਘੋੜੇ ਦੇ ਪੈਰਾਂ ਦੀ ਆਵਾਜ਼ ਸੁਣੀ ਤਾਂ ਬਾਲੇ ਰਾਇ ਚਰੰਨ ਹੋਕੇ ਦੇਖਣ ਲਗਾ। ਅਰ ਪੁਛਣ ਲਗਾ ਆਪ ਕੌਣ ਹੋ ? ਗੁਰੂ ਜੀ ਬੋਲੇ ਜਿਸ ਨੂੰ ਤੁਸੀਂ ਅਰਾਧ ਰਹੇ ਹੋ, ਅਸੀਂ ਤੁਹਾਡੀ ਸਹਾਇਤਾ ਕਰਨ ਆਏ ਹਾਂ ਉਠੋ ਤੁਹਾਨੂੰ ਕਿਲੇ ਤੋਂ ਬਾਹਰ ਕਰੀਏ ਤਦ ਬਾਲੇ ਰਾਇ ਜੀ ਨੇ ਹਥ ਜੋੜਕੇ ਆਖਿਆ ਕਿ ਸਚੇ ਪਾਤਸ਼ਾਹ ਸਾਡੇ ਪੈਰਾਂ ਵਿਚ ਬੇੜੀਆਂ ਪਈਆਂ ਹੋਈਆਂ ਹਨ ਤੇ ਹਥਾਂ ਵਿਚ ਹਥਕੜੀਆਂ ਹਨ ਤੇ ਸੀਖਾਂ ਵਾਲੇ ਦਰਵਾਜੇ ਨੂੰ ਜੰਦਰਾ ਵਜਾ ਹੋਇਆ ਹੈ। ਗੁਰੂ ਜੀ ਨੇ ਕਿਰਪਾ ਦੀ ਨਜ਼ਰ ਫੇਰੀ ਤਾਂ ਉਸੇ ਵੇਲੇ ਬੇੜੀਆਂ ਸੰਗਲ ਟੁਟ ਗਏ ਤੇ ਦਰਵਾਜਾ ਖੁਲ੍ਹ ਗਿਆ, ਬਾਲੇ ਰਾਇ ਨੇ

ਆਪਣੇ ਭਰਾ ਨੂੰ ਜਗਾਇਆ, ਤਦ ਦੋਨੋਂ ਦੌੜਕੇ ਗੁਰੂ ਜੀ ਦੀ ਚਰਨੀ ਜਾ ਲਗੇ, ਗੁਰੂ ਜੀ ਬੋਲੇ ਕਿ ਤੁਸੀਂ ਦੋਨੋਂ ਹੀ ਸਾਡੀਆਂ ਰਕਾਬਾਂ ਨੂੰ ਪਕੜ ਲਓ ਤੇ ਰਾਖਿਆਂ ਚੌਕੀਦਾਰਾਂ ਨੂੰ ਅਵਾਜਾਂ ਦੇਕੇ ਸਾਵਧਾਨ ਕਰ ਦਿਓ ਕਿ ਅਸੀਂ ਨਿਕਲ ਚਲੇ ਜੇ। ਉਸੇ ਵੇਲੇ ਦੋਹਨਾਂ ਭਰਾਵਾਂ ਨੇ ਪੁਕਾਰ ਕੇ ਰਾਖਿਆਂ ਨੂੰ ਅਵਾਜ ਦਿਤੀ ਤੇ ਆਪ ਦੋਨੋਂ ਰਕਾਬਾਂ ਨਾਲ ਲਟਕ ਪਏ ਹੁਣ ਤਮਾਮ ਰਾਖੇ ਐਧਰੋਂ ਓਧਰੋਂ ਆਣ ਕਠੇ ਹੋਏ, ਸਭ ਦੇ ਦੇਖਦਿਆਂ ਦੇਖਦਿਆਂ ਗੁਰੂ ਜੀ ਦਾ ਘੋੜਾ ਅਕਾਸ਼ ਨੂੰ ਉਡਿਆ ਅਰ ਦੋਹਨਾਂ ਰਾਜਿਆਂ ਨੂੰ ਲੈਕੇ ਪਲ ਵਿਚ ਓਹਨਾਂ ਦੇ ਨਗਰ ਵਿਚ ਪਹੁੰਚਾ ਦਿਤਾ। ਜਦ ਜ਼ਮੀਨ ਤੇ ਉਤਰੇ ਤਾਂ ਦੋਹਨਾਂ ਰਾਜਿਆਂ ਨੇ ਰਕਾਬਾਂ ਛਡਕੇ ਗੁਰੂ ਜੀ ਦੇ ਚਰਨ ਪਕੜ ਲੀਤੇ ਅਤੇ ਦੀਨ ਹੋਕੇ ਪ੍ਰਾਰਥਨਾ ਕੀਤੀ ਕਿ ਸਚੇ ਪਾਤਸ਼ਾਹ ਸਾਡਾ ਘਰ ਚਲਕੇ ਪਵਿਤ੍ਰ ਕਰੋ, ਗੁਰੂ ਜੀ ਹਸ ਪਏ ਅਤੇ ਦੋਹਨਾਂ ਨੂੰ ਧਰਮ ਉਪਦੇਸ਼ ਦੇਕੇ ਆਪ ਅਲੋਪ ਹੋ ਗਏ, ਓਹ ਦੋਨੋਂ ਹੀ ਵੇਖਦੇ ਹੋਏ ਚਕਰਤ ਰਹਿ ਗਏ ਤੇ ਧੰਨ ਗੁਰੂ ਉਚਾਰਨੇ ਲਗੇ। ਬਾਲੇ ਰਾਇ ਤੇ ਰੁਸਤਮ ਰਾਇ ਆਪਣਿਆਂ ਮਹਿਲਾਂ ਨੂੰ ਗਏ, ਨਗਰ ਵਿਚ ਮੰਗਲਾ ਚਾਰ ਹੋਣ ਲਗਾ, ਘਰ ਘਰ ਖੁਸ਼ੀਆਂ ਛਾ ਗਈਆਂ ਰਾਜਿਆਂ ਨੇ ਸਭਨਾਂ ਨੂੰ ਗੁਰੂ ਘਰ ਦੀ ਮਹਿਮਾ ਸੁਣਾਈ। ਕੁਝ ਦਿਨ ਠਹਿਰ ਕੇ ਦੋਨੋਂ ਭਰਾ ਅਪਣੇ ਲਸ਼ਕਰ ਸਮੇਤ ਗੁਦਾਵਰੀ ਦੇ ਕਨਾਰੇ ਅਬਚਲ ਨਗਰ ਗਏ ਅਤੇ ਗੁਰੂ ਅਗੇ ਪਣ ਭੇਟ ਦਿਤੀ, ਅਰ ਆਪਣੀ ਬੀਤੀ ਵਾਰਤਾ ਸਭਨਾਂ ਸਿੰਘਾਂ ਨੂੰ ਸੁਣਾਈ ਭਾਈ ਸੰਤੋਖ ਸਿੰਘ ਜੀ ਤੇ ਦਇਆ ਸਿੰਘ ਜੀ ਸੁਣਕੇ ਅਸਚਰਜ ਰਹਿ ਗਏ, ਤੇ ਹੋਰ ਕਈ ਸ਼ਕਤੀਆਂ ਗੁਰੂ ਜੀ ਦੀਆਂ ਭਾਈ ਦਇਆ ਸਿੰਘ ਜੀ ਨੇ ਰਾਜਿਆਂ ਨੂੰ ਸੁਣਾਈਆਂ ਦੋਨੋਂ ਰਾਜੇ ਸਰਧਾ ਧਾਰਦੇ ਹੋਏ ਆਪਣੀ ਨਗਰੀ ਨੂੰ ਆਏ। ਕਿ [illegible] ਨ ਭੀਤ ਲਿਖ ।(ਲਿਖਤ ਸ੍ਰੀ ਜਨਮਸਾਖੀ ਸੰਪੂਰਨ) [illegible]

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ॥

Sri Satguru Jagjit Singh Ji Elibrary NamdhariElibrary@gmail.com

ਕਲਜੁਗ ਵਿਚ ਨਾਮ ਹੀ ਪ੍ਰਧਾਨ ਹੈ, ਮਹਾਰਾਜ ਦੀ ਬਾਣੀ ਦਾ ਪਾਠ ਕਰਕੇ ਜੀਵਨ ਸੁਫਲਾ ਕਰੋ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਪੰਨਾ ੨੪੫੨, ੧੪੩੦, ੧੨੫੭ ਤੇ ਸਫਰੀ ਬੀੜ ਅਸਾਂ ਬਿਅੰਤ ਧਨ ਖਰਚਕੇ ਕਈ ਮੇਲ ਦੀਆਂ ਮਹਾਰਾਜ ਦੀਆਂ ਬੀੜਾਂ ਹਰ ਸਾਈਜ਼ ਦੀਆਂ ਵਧੀਆ ਕਾਗਜ਼ ਵਧੀਆ ਛਾਪਾ, ਵੇਲਦਾਰ, ਜਿਲਦਾਂ ਹਰ ਕਿਸਮ ਵਾਲੇ ਪ੍ਰਕਾਸ਼ਤ ਕੀਤੇ ਹਨ, ਅੱਖਰ ਛਾਪਾ ਸਭ ਸੱਜਣਾਂ ਨੂੰ ਮਲੂਮ ਹਨ, ਭੇਟਾ ਵਿਚ ਖਾਸ ਰਿਐਤ ਕਰ ਦਿੱਤੀ ਹੈ।

ਵੱਡਾ ਬਾਬਾ ਪੰਨਾ ੨੪੫੨ ਅੱਖਰਾਂ ਦਾ ਨਮੂਨਾ **ਰਾਮ** ਇਹ ਹੈ। ਭੇਟਾ ਸਭ

ਕਾਗਜ਼ ਲਾਲ ਵੇਲ ਜਿਲਦ ਚਮੜਾ ੬੦), ਜੀਨ ਦੀ ਜਿਲਦ ੫੦), ਹਲਕਾ ਕਾਗਜ਼ ੪੦)

ਵੱਡੀ ਬੀੜ ਪੰਨਾ ੧੪੩੦ ਅਖਰਾਂ ਦਾ ਨਮੂਨਾ **ਅੱਖਰਾਂ ਦਾ ਨਮੂਨਾ** **ਇਹ ਹੈ** ਭੇਟਾ ਦਾ ਵੇਰਵਾ:-

ਨੰ: ੧ ਪੰਨਾ ੧੪੩੦ ਵਧੀਆ ਮੋਮੀ ਕਾਗਜ਼ ਵੇਲਦਾਰ ਜਿਲਦ ਚਮੜਾ ਵਧੀਆ ਭੇਟਾ ੨੫)
ਨੰ: ੨ ,, ,, ,, ,, ਜਿਲਦ ਜੀਨ ਵਧੀਆ ਭੇਟਾ ੨੨)
ਨੰ: ੩ ,, ,, ,, ,, ,, ਪੱਕੀ ਮਖਮਲ ਦੀ ਚੋਲੀ ਸਮੇਤ ੨੫)
ਨੰ: ੪ ,, ਵਧੀਆ ਚੰਗਾ ਕਾਗਜ਼ ਸਤ ਰੰਗੀਆਂ ਵੇਲਾਂ ਜਿਲਦ ਚਮੜਾ ਭੇਟਾ ੨੦)
ਨੰ: ੫ ,, ,, ,, ,, ,, ,, ਜੀਨ ਭੇਟਾ ੧੮)
ਨੰ: ੬ ,, ,, ,, ,, ਜਿਲਦ ਪੱਕੀ ਮਖਮਲ ਦੀ ਚੋਲੀ ਸਮੇਤ ਭੇਟਾ ੨੦)
ਨੰ: ੭ ,, ,, ਦੇਸੀ ਕਾਗਜ਼ ਲਾਲ ਵੇਲ ਜਿਲਦ ਜੀਨ ਭੇਟਾ ੨੫)

ਦਰਮਿਆਨੀ ਬੀੜ ੧੨੫੭ ਪੰਨਾ, **ਅੱਖਰ ਇਹ ਹਨ।**

ਨੰ: ੧ ਪੰਨਾ ੧੨੫੭ ਲਾਲ ਵੇਲ ਮੋਮੀ ਕਾਗਜ਼ ਜਿਲਦ ਚਮੜਾ ੧੪)
ਨੰ: ੨ ,, ,, ,, ,, ,, ਜੀਨ ੧[illegible]
ਨੰ: ੩ ,, ,, ,, ਮਿਲਵਾਂ ਕਾਗਜ਼ ਜਿਲਦ ਚਮੜਾ [illegible]
ਨੰ: ੪ ,, ,, ,, ,, ,, ਜਿਲਦ ਜੀਨ [illegible]

ਛੋਟੀ ਸਫਰੀ ਬੀੜ ੧੪੩੦ ਸਫਾ ਬਾਰੀਕ ਅੱਖਰ ਭੇਟਾ ੫) ਜਿਲਦ ਚਮੜਾ ਭੇਟਾ

ਦਸਮ ਗੁਰੂ ਗ੍ਰੰਥ ਸਾਹਿਬ ਵਡੀ ਬੀੜ ਸਫ਼ਾ ੧੪੩੦ ਮੋਟੇ ਅੱਖਰ ਭੇਟਾ ੨੨), ਵਧੀਆ ੨੫)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਬਿਧੀ:- ਰਚਿਤ ਗਿਆਨੀ ਪ੍ਰਤਾਪ ਸਿੰਘ ਜੀ ਇਹ ਪੁਸਤਕ ਹਰ ਇਕ ਸਿਖ ਪ੍ਰੇਮੀ ਨੂੰ ਜ਼ਰੂਰ ਪ[illegible]ਨੀ ਚਾਹੀਦੀ ਹੈ, ਪਾਠ ਤਾਂ ਸਭ ਕਰ ਲੈਂਦੇ ਹਨ ਪ੍ਰੰਤੂ ਵਿਧੀ ਸੰਯੁਗਤ ਪਾਠ ਕੀਤਾ ਹੋਇਆ ਪੂਰਨ ਫਲਦਾਇਕ ਹੁੰਦਾ ਹੈ, ਇਸ ਵਿਚ ਅਖੰਡ ਪਾਠ, ਸੰਪਟ ਪਾਠ, ਖੁਲ੍ਹਾ ਪਾਠ, ਸਪ੍ਰਦਾਹਕ ਪਾਠ, ਖੁਸ਼ੀ ਗ਼ਮੀ ਦੇ ਹਰ ਕਿਸਮ ਦੇ ਪਾਠ ਦੀ ਵਿਧੀ ਦੱਸੀ ਹੈ, ਮੁਲ[illegible]

ਨੋਟ- ਮੰਗਾਉਣ ਵਾਲੇ ਸੱਜਣ ਕਿਰਪਾ ਕਰਕੇ ਅਸਟੇਸ਼ਨ ਦਾ ਨਾਮ ਜੋ ਨੇੜੇ ਹੋਵੇ ਨਾਲ ਹੀ ਲਿਖ ਭੇਜਣ ਅਤੇ ਆਰਡਰ ਦੇ ਨਾਲ ਹੀ ਪੰਜ ਰੁਪਏ ਪੇਸ਼ਗੀ ਮਨੀਆਰਡਰ ਕਰਕੇ ਭੇਜਣ, ਬਾਕੀ ਰਕਮ ਦਾ ਵੀ.ਪੀ. ਕੀਤਾ ਜਾਵੇਗਾ।

**ਪਤਾ- ਭਾ: ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ ਬਾ: ਮਾਈ ਸੇਵਾਂ ਅੰਮ੍ਰਿਤਸਰ**

Sri Satguru Jagjit Singh Ji Elibrary NamdhariElibrary@gmail.com